# ਅੰਮ੍ਰਿਤ ਕੀਰਤਨ

ਅੰਕ 8 ਸਾਲ ਚੌਥਾ ਅਗਸਤ 1992




ੀ ਸੰਪਾਦਕ

ਡਾ: ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ
ਚਿੱਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422 ਸੈਕਟਰ 15 ਏ
ਚੰਡੀਗੜ੍ਹ-160015
ਫੋਨ : 24660

ਚੰਦੇ ਦਾ ਵੇਰਵਾ
ਇਕ ਕਾਪੀ 5 ਰੁਪਏ
ਦੇਸ਼ ਸਾਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਾਲਾਨਾ 300 ਰੁਪਏ
ਜੀਵਨ ਮੈਂਬਰ 3000 ਰੁਪਏ

**ਵਿਸ਼ਾ** **ਪੰਨਾ**

1. ਸੰਗੀਤ ਅਤੇ ਧਾਰਮਕ ਗ੍ਰੰਥ
—ਪ੍ਰੋ. ਬਲਬੀਰ ਸਿੰਘ 'ਨੀਲਮ' 4
2. ਗੁਰਮਤਿ ਸੰਗੀਤ ਇਕ ਅਸੀਮ ਬਖਸ਼ਿਸ਼
— ਸੰਤ ਬਾਬਾ ਸੁੱਚਾ ਸਿੰਘ ਜੀ 6
3. ਸੰਗੀਤ ਸਿਖਿਆ : ਤਾਲ ਕਹਿਰਵਾ ਤਿੰਨ ਤਾਲ 9
4. ਗੁਰਬਾਣੀ ਤੇ ਰਾਗ-ਰਸ ਦਾ ਸੰਬੰਧ
— ਸ਼ੰਕਰ ਲਾਲ ਮਿਸ਼ਰ 11
5. ਗੁਰੂ ਕਾਵਿ ਵਿਚ ਅਨੁਭਵ ਅਤੇ ਸੰਗੀਤ ਦਾ ਸੰਬੰਧ
— ਡਾ. ਜਾਗੀਰ ਸਿੰਘ 15
6. ਆਸਾ ਦੀ ਵਾਰ ਦਾ : ਲੜੀਵਾਰ ਵਿਚਾਰ
—ਪ੍ਰੇਮ ਸਿੰਘ 'ਪ੍ਰੇਮ' 19
7. ਵਿਚਾਰਨ ਦੀ ਗੱਲ
—ਬਬਲੀ ਐਸ. ਸਿੰਘ 22
8. ਸੁਰ ਲਿਪੀ ਤੇ ਸ਼ਬਦ-ਅਰਥ : ਰਾਗ ਗੋਂਡ
—ਹਰਭਜਨ ਸਿੰਘ 26
9. ਰਾਗ ਮੁਲਤਾਨੀ : ਸੁਰ ਲਿਪੀ ਤੇ ਸ਼ਬਦ-ਅਰਥ
—ਕਰਨਬੀਰ ਕੌਰ 29
10. ਕੀਰਤਨੀ ਜਥਾ ਬੀਬੀ ਬਲਜੀਤ ਕੌਰ ਤਲਵਾੜਾ
—ਮਨਜੀਤ ਸਿੰਘ ਬਿੰਦ 32

ਨੋਟ : ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ, ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

# ਸੰਗੀਤ ਅਤੇ ਧਾਰਮਿਕ ਗ੍ਰੰਥ

—ਬਲਬੀਰ ਸਿੰਘ ਬੀ. ਐਲ. ਐਮ. ਗਰਲਜ਼ ਕਾਲਜ ਨਵਾਂ ਸ਼ਹਿਰ

ਸੰਗੀਤ ਕਲਾ ਸਾਰੀਆਂ ਲਲਿਤ ਕਲਾਵਾਂ ਵਿਚ ਉੱਦਮ ਸਥਾਨ ਰੱਖਦੀ ਹੈ। ਇਹ ਇਕ ਅਜੇਹੀ ਕਲਾ ਹੈ ਜਿਸ ਦਾ ਆਦਮੀ ਦੇ ਮਨ, ਹਿਰਦੇ ਅਤੇ ਆਤਮਾ ਨਾਲ ਡੂੰਘਾ ਸੰਬੰਧ ਹੈ। ਇਹ ਕੁਦਰਤ ਦੀ ਦੇਣ ਮੰਨੀ ਜਾਂਦੀ ਹੈ। ਪਰ ਜੇਕਰ ਕਿਸੇ ਚੰਗੇ ਗੁਰੂ ਕੋਲੋਂ ਰੀਤੀ ਦੇ ਮੁਤਾਬਕ ਸਿੱਖੀ ਜਾਵੇ ਅਤੇ ਪ੍ਰਮਾਤਮਾ ਦੀ ਮਿਹਰ ਹੋਵੇ ਅਤੇ ਸਿੱਖਣ ਵਾਲੇ ਦੀ ਲਗਨ ਅਤੇ ਸ਼ਰਧਾ ਹੋਵੇ ਫਿਰ ਇਕ ਚੰਗਾ ਕਲਾਕਾਰ ਬਣ ਸਕਦਾ ਹੈ। ਸੁਰ ਨੂੰ ਗੁਣੀਜਨ ਪ੍ਰਮਾਤਮਾ ਦਾ ਦਰਜਾ ਦੇਂਦੇ ਹਨ। ਇਹ ਅਖਾਣ ਮਸ਼ਹੂਰ ਹੈ 'ਜਿਸ ਨੇ ਸੁਰ ਨੂੰ ਵਸ ਵਿਚ ਕਰ ਲਿਆ ਉਸ ਨੇ ਪ੍ਰਮਾਤਮਾ ਨੂੰ ਵਸ ਵਿਚ ਕਰ ਲਿਆ।' ਸੰਗੀਤ ਦੀ ਧੜਕਣ ਤਾਲ ਹੈ ਜੋ ਮਨੁੱਖ ਦੇ ਹਿਰਦੇ ਦੀ ਧੜਕਣ ਨਾਲ ਚਲਦੀ ਹੈ। ਸਾਰੀ ਸ੍ਰਿਸ਼ਟੀ ਲੈਅ ਅਤੇ ਤਾਲ ਬੱਧ ਹੈ। ਸੂਰਜ, ਚੰਦਰਮਾ ਅਤੇ ਸਭ ਰੁੱਤਾਂ ਤਾਲ ਵਿਚ ਹਨ ਅਤੇ ਦਿਨ ਰਾਤ ਵੀ ਤਾਲ ਛੱਡ ਦੇਵੇ ਤਾਂ ਪਰਲੋ ਆ ਸਕਦੀ ਹੈ।

ਹੁਣ ਸਾਡੇ ਲਈ ਇਹ ਜਾਣਨਾ ਜ਼ਰੂਰੀ ਹੋ ਜਾਂਦਾ ਹੈ ਕਿ ਸੰਗੀਤ ਕੀ ਹੈ? ਸੰ+ਗੀਤ ਨੂੰ ਮਿਲਾ ਕੇ ਸੰਗੀਤ ਸ਼ਬਦ ਦੀ ਰਚਨਾ ਕੀਤੀ ਗਈ ਹੈ। ਸੰ ਫਾਰਸੀ ਦਾ ਸ਼ਬਦ ਹੈ, ਜਿਸ ਦੇ ਅਨੇਕ ਅਰਥ ਹਨ, ਜਿਵੇਂ ਨਾਲ, ਮਿਲਾਪ, ਮੰਡਲੀ, ਸ਼ੰਕਾ, ਲੱਜਾ, ਸੰਕੋਚ, ਸ਼ੁੱਕ੍ਰ ਪੱਥਰ ਅਤੇ ਰੰਜਕਤਾ ਆਦਿ। ਗੀਤ ਗਾਵਣ ਯੋਗ ਛੰਦ ਜਾਂ ਉਹ ਵਾਕ ਜਿਸ ਦਾ ਛੰਦ ਗਾਇਆ ਜਾਵੇ, ਉਸ ਨੂੰ ਗੀਤ ਆਖਦੇ ਹਨ। ਗਾਉਣ ਵਾਲੇ ਉਸ ਉੱਤਮ ਵਾਕ, ਜਿਸ ਨੂੰ ਮਨੁੱਖ ਸੁਣ ਆਪਾ ਖੋ ਦੇਵੇ ਉਸ ਨੂੰ ਸੰਗੀਤ ਆਖਦੇ ਹਨ। ਦੂਸਰੇ ਸ਼ਬਦਾਂ ਵਿਚ ਗਾਣ, ਵਜਾਉਣ ਅਤੇ ਨੱਚਣ ਦੀ ਕਲਾ ਨੂੰ ਸੰਗੀਤ ਆਖਦੇ ਹਨ। ਸੰਗੀਤ ਦੀ ਉਤਪਤੀ ਸ੍ਰਿਸ਼ਟੀ ਦੀ ਰਚਨਾ ਦੇ ਨਾਲ ਹੀ ਹੋਈ ਮੰਨਦੇ ਹਨ। ਅਤੇ ਜਗਤ ਦੀ ਪਹਿਲੀ ਪੁਸਤਕ ਵੇਦ, ਜਿਸ ਦੀ ਰਚਨਾ ਬ੍ਰਹਮਾ ਜੀ ਤੋਂ ਹੋਈ, ਉਨ੍ਹਾਂ ਵਿਚੋਂ ਹੀ ਸਭ ਤੋਂ ਪਹਿਲਾਂ ਲਿਖਤੀ ਰੂਪ ਵਿਚ ਸੰਗੀਤ ਬਾਰੇ ਪਤਾ ਲੱਗਾ। ਹਿੰਦੂ ਧਰਮ ਦੇ ਕਈ ਪ੍ਰਚਾਰਕਾਂ ਦਾ ਮੱਤ ਹੈ ਕਿ ਗਿਆਨ ਦਾਤਾ ਵੇਦ ਗਿਣਤੀ ਵਿਚ ਪਹਿਲਾਂ ਤਿੰਨ ਸਨ ਅਤੇ ਅਥਰਵ ਵੇਦ ਦੀ ਰਚਨਾ ਬਾਅਦ ਵਿਚ ਹੋਈ। ਇਹ ਵੇਦ ਕਿਸੇ ਇਕ ਵਿਅਕਤੀ ਦੇ ਰਚੇ ਹੋਏ ਨਹੀਂ ਸਨ। ਇਨ੍ਹਾਂ ਵਿਚ ਵਸ਼ਿਸ਼ਟ ਜੀ, ਵਿਸ਼ਵਾ ਮਿੱਤਰ ਜੀ, ਭਾਰਦਵਾਜ ਜੀ ਆਦਿ ਅਨੇਕਾਂ ਰਿਸ਼ੀਆਂ ਦੇ ਰਚੇ ਹੋਏ ਮੰਤਰ ਹਨ, ਜਿਨ੍ਹਾਂ ਵਿਚ ਸੂਰਜ, ਅਗਨ, ਵਾਯੂ, ਇੰਦਰ ਆਦਿ ਦੇਵਤਿਆਂ ਦੀ ਉਸਤਤ ਲਿਖੀ ਹੈ।

ਵਿਸ਼ਵ ਭਰ ਦਾ ਸਭ ਤੋਂ ਪਹਿਲਾ ਵੇਦ ਰਿਗ ਵੇਦ ਮੰਨਿਆ ਜਾਂਦਾ ਹੈ, ਜਿਹੜਾ ਕਿ ਰਿਚ ਧਾਤੂ ਤੋਂ ਬਣਿਆ ਹੈ। ਰਿਚ ਦਾ ਅਰਥ ਹੈ ਉਸਤਤ ਅਤੇ ਇਸ ਵੇਦ ਵਿਚ ਦੇਵਤਿਆਂ ਦੀ ਉਸਤਤ ਹੈ। ਇਸ ਦੇ 10 ਮੰਡਲ ਅਤੇ ਲਗਭਗ 1050 ਸੂਕਤ ਹਨ ਅਤੇ 153826 ਸ਼ਬਦ ਹਨ।

ਦੂਸਰਾ ਵੇਦ ਯਜੁਰ ਵੇਦ ਹੈ ਜੋ ਯੱਜ ਧਾਤੂ ਤੋਂ ਬਣਿਆ ਹੈ। ਇਸ ਦਾ ਅਰਥ ਹੈ ਯੱਗ ਕਰਨਾ, ਯੱਗ ਕਰਨਾ, ਪੂਜਾ ਕਰਨਾ ਆਦਿ। ਇਸ ਵਿਚ ਬਲੀਦਾਨ, ਯੱਗ ਹੋਣ ਦਾ

ਵਰਨਣ ਕੀਤਾ ਹੈ। ਇਸ ਦੇ 40 ਅਧਿਆਇ ਹਨ। ਇਸ ਵਿੱਚ ਲਗ ਭਗ 1975 ਮੰਤਰ ਹਨ। ਤੀਜਾ ਸਾਮ ਵੇਦ ਅਤੇ ਚੌਥਾ ਅਥਰਵ ਵੇਦ ਹੈ।

**ਅਥਰਵ ਵੇਦ :**—ਜਿਸ ਵਿਚ ਹੋਤਰੀ ਦੇ ਕਰਮ ਅਤੇ ਹਵਨ ਦੇ ਪ੍ਰਕਾਰ ਹੋਣ ਉਹ ਅਥਰਵ ਵੇਦ ਹੈ। ਇਸ ਵਿਚ ਮੰਤਰ, ਟੂਣੇ, ਜਾਦੂ ਅਤੇ ਸ਼ਿਲਪ ਕਲਾ ਦਾ ਵਰਨਣ ਹੈ। ਇਸ ਦੇ 760 ਮੰਤਰ ਹਨ। ਵਾਸਤਵ ਵਿਚ ਇਨ੍ਹਾਂ ਚਾਰੇ ਵੇਦਾਂ ਵਿਚੋਂ ਸਾਮ ਵੇਦ ਦਾ ਸੰਬੰਧ ਸਿੱਧਾ ਸੰਗੀਤ ਨਾਲ ਹੈ।

**ਸਾਮ ਵੇਦ :**—ਸਮਾਨ ਧਾਤੂ ਤੋਂ ਬਣਿਆ ਹੈ। ਜਿਸ ਦਾ ਅਰਥ ਹੈ ਸਮਾਨ, ਬਰਾਬਰ, ਇਕੋ ਜਿਹਾ ਆਦਿ। ਜਿਸ ਦੇ ਮੰਤਰ ਗਾਉਣ ਵਿਚ ਸਮਾਨ ਵਜ਼ਨ ਦੇ ਹੋਣ ਉਹ ਸਾਮ ਵੇਦ ਹੈ। ਬ੍ਰਾਹਮਣ ਗਾਇਕ ਸਾਮ ਵੇਦ ਨੂੰ ਯੱਗ ਆਦਿ ਮੰਗਲ ਕਰਮਾਂ ਵਿਚ ਗਾਉਂਦੇ ਹਨ। ਇਸ ਦੇ 1549 ਮੰਤਰ ਹਨ। ਜਿਹੜੇ ਗਾ ਕੇ ਪੜ੍ਹੇ ਜਾਂਦੇ ਹਨ। ਇਨ੍ਹਾਂ ਦੇ ਉੱਪਰ ਅਤੇ ਥੱਲੇ ਚਿੰਨ੍ਹ ਲੱਗੇ ਹੁੰਦੇ ਹਨ, ਜਿਨ੍ਹਾਂ ਨੂੰ ਉੱਦਤ ਅਤੇ ਅਨੁਦੱਤ ਦੇ ਨਾਮ ਨਾਲ ਪੁਕਾਰਦੇ ਹਨ। ਇਸ ਤਰ੍ਹਾਂ ਸੰਗੀਤ ਦੀ ਉਤਪਤੀ ਬ੍ਰਹਮਾ ਜੀ ਦੇ ਮੁੱਖ ਤੋਂ ਰਚੇ ਹੋਏ ਵੇਦਾਂ ਤੋਂ ਮੰਨੀ ਜਾਂਦੀ ਹੈ। ਇਸ ਲਈ ਸੰਗੀਤ ਨੂੰ ਬ੍ਰਹਮਾਨਾਦ ਵੀ ਆਖਦੇ ਹਨ। ਏਥੇ ਹੀ ਬੱਸ ਨਹੀਂ ਕਲਯੁਗ ਨੂੰ ਤਾਰਨ ਲਈ ਗੁਰੂਆਂ ਅਤੇ ਭਗਤਾਂ ਦਾ ਜੋ ਸਾਂਝਾ ਗ੍ਰੰਥ 'ਗੁਰੂ ਗ੍ਰੰਥ ਸਾਹਿਬ ਜੀ, ਰਚਿਆ ਗਿਆ ਹੈ ਉਹ ਵੀ ਸਾਰਾ ਰਾਗਾਂ ਤੇ ਅਧਾਰਿਤ ਹੈ। ਇਸ ਵਿਚ ਕੁਲ 31 ਰਾਗ ਹਨ ਅਤੇ ਕਈ ਹੋਰ ਰਾਗ ਦੋ ਰਾਗਾਂ ਨੂੰ ਮਿਲਾ ਕੇ ਰਚੇ ਗਏ ਹਨ। ਇਨ੍ਹਾਂ ਧਾਰਮਿਕ ਗ੍ਰੰਥਾਂ ਵਿਚ ਸੰਗੀਤ ਦਾ ਇਕ ਮਹੱਤਵ ਪੂਰਨ ਸਥਾਨ ਹੈ। ਸਭ ਧਰਮਾਂ ਦੇ ਦੇਵੀ ਦੇਵਤਿਆਂ ਨੇ ਸੰਗੀਤ ਦੁਆਰਾ ਹੀ ਪ੍ਰਮਾਤਮਾ ਦੀ ਉਸਤਤ ਕੀਤੀ ਹੈ ਅਤੇ ਵੱਖ ਵੱਖ ਸੰਗੀਤ ਸਾਜਾਂ ਦਾ ਪ੍ਰਯੋਗ ਕੀਤਾ ਹੈ। ਜਿਵੇਂ ਸ੍ਰੀ ਕ੍ਰਿਸ਼ਨ ਜੀ ਨੇ ਬੰਸਰੀ ਦਾ, ਨਾਰਦ ਜੀ ਨੇ ਵੀਨਾ ਦਾ, ਸ਼ਿਵਜੀ ਨੇ ਡਮਰੂ ਦਾ ਗੁਰੂ ਨਾਨਕ ਦੇਵ ਜੀ ਨੇ ਰਬਾਬ ਦਾ, ਮੀਰਾ ਅਤੇ ਸੂਰਦਾਸ ਜੀ ਨੇ ਇਕ ਤਾਰੇ ਦਾ। ਸੰਗੀਤ ਅਤੇ ਮਨੁੱਖ ਦਾ ਆਪਸ ਵਿਚ ਅਟੁਟ ਰਿਸ਼ਤਾ ਹੈ। ਜਿਸ ਮਨੁੱਖ ਨੂੰ ਸੰਗੀਤ ਨਾਲ ਪਿਆਰ ਨਹੀਂ ਉਹ ਮਨੁੱਖ ਮੁਰਦੇ ਦੇ ਸਮਾਨ ਹੈ।

ਸੰਗੀਤ ਇਕ ਸਵਾਂਤੀ ਬੂੰਦ ਦੀ ਤਰ੍ਹਾਂ ਹੈ। ਆਖਦੇ ਨੇ ਸਵਾਂਤੀ ਬੂੰਦ ਜੇਕਰ ਸਿਪ ਦੇ ਮੂੰਹ ਵਿਚ ਪੈ ਜਾਵੇ ਤਾਂ ਉਹ ਮੋਤੀ ਬਣ ਜਾਂਦੀ ਹੈ। ਪਪੀਹੇ ਦੇ ਮੂੰਹ ਵਿਚ ਪੈ ਜਾਵੇ ਤਾਂ ਉਸ ਦੀ ਪਿਆਸ ਬੁਝ ਜਾਂਦੀ ਹੈ। ਪਰ ਜੇਕਰ ਕੁੱਤੇ ਦੇ ਮੂੰਹ ਵਿਚ ਪੈ ਜਾਵੇ ਤਾਂ ਉਹ ਪਾਗਲ ਹੋ ਜਾਂਦਾ ਹੈ। ਇਸੇ ਤਰ੍ਹਾਂ ਸੰਗੀਤ ਜੇਕਰ ਕਿਸੇ ਸੁਲਝੇ ਸੰਗੀਤਕਾਰ ਕੋਲ ਆ ਜਾਵੇ ਤਾਂ ਉਹ ਬੰਜਰ ਜਮੀਨ ਵਿਚ ਵੀ ਪਾਣੀ ਦੇ ਝਰਨੇ ਵਗਾ ਸਕਦਾ ਹੈ, ਪੱਤਝੜ ਵਿਚ ਬਹਾਰ ਲਿਆ ਸਕਦਾ ਹੈ। ਬੁਝੇ ਹੋਏ ਦੀਵੇ ਜਗਾ ਸਕਦਾ ਹੈ ਅਤੇ ਜ਼ਹਿਰੀਲੇ ਸੱਪਾਂ ਨੂੰ ਵੱਸ ਵਿਚ ਕਰ ਸਕਦਾ ਹੈ। ਜੇਕਰ ਕਿਤੇ ਇਹੋ ਸੰਗੀਤ ਕਿਸੇ ਘਟੀਏ ਬੰਦੇ ਪਾਸ ਚਲਾ ਜਾਵੇ ਤਾਂ ਇਸ ਨੂੰ ਵੇਸਵਾ ਦੇ ਚੁਬਾਰੇ ਤਕ ਪੁਚਾ ਦੇਂਦੀ ਹੈ। ਜੇਕਰ ਇਹੋ ਸੰਗੀਤ ਕਿਸੇ ਰਿਸ਼ੀ ਮੁਨੀ ਜਾਂ ਸੰਤ ਮਹਾਤਮਾ ਕੋਲ ਆ ਜਾਵੇ ਤਾਂ (ਅਨਹਦ) ਨਾਦ ਬਣ ਕੇ ਮੁਕਤੀ ਦੇਂਦਾ ਹੈ ਅਤੇ ਮੰਦਰਾਂ ਦੀਆਂ ਘੰਟੀਆਂ ਅਤੇ ਗੁਰਦੁਆਰੇ ਦੇ ਸੰਖ ਵਿਚ ਪਹੁੰਚ ਜਾਂਦਾ ਅਤੇ ਅਨੰਦ ਮਈ ਭਜਨ, ਸ਼ਬਦ ਅਤੇ ਬਾਂਗਾਂ ਦੁਆਰਾ ਪ੍ਰਮਾਤਮਾ ਦੀ ਅਰਾਧਨਾ ਕਰਦਾ ਹੈ ਤੇ ਉਹ ਥਾਂ ਪੂਜਣ ਯੋਗ ਹੋ ਜਾਂਦੀ ਹੈ। □

# ਗੁਰਮਤਿ ਸੰਗੀਤ ਇਕ ਅਸੀਮ ਬਖਸ਼ਿਸ਼

- ਸੰਤ ਬਾਬਾ ਸੁੱਚਾ ਸਿੰਘ ਜੀ

ਮਨੁੱਖ ਨੇ ਇਕ ਦੂਜੇ ਦੇ ਮਨੋਭਾਵ ਸਮਝਣ ਸਮਝਾਉਣ ਲਈ ਕਈ ਕਿਸਮ ਦੀਆਂ ਭਾਸ਼ਾਵਾਂ ਬਣਾਈਆਂ ਹਨ ਜੋ ਮਨੁੱਖੀ-ਈਜ਼ਾਦ ਹਨ ਪਰ ਕੁਦਰਤ ਨੇ ਇਕ ਅਜਿਹੀ ਭਾਸ਼ਾ ਬਖਸ਼ੀ ਜੋ ਵਿਸ਼ਵ-ਭਾਸ਼ਾ ਹੈ। ਸੰਸਾਰ ਸਾਰੇ ਵਿਚ ਹੱਸਣ, ਰੋਣ ਆਦਿਕ ਦੀ ਇਕੋ ਹੀ ਭਾਸ਼ਾ ਹੈ। ਇਸੀ ਤਰ੍ਹਾਂ ਸੰਗੀਤ ਵੀ ਵਿਸ਼ਵ-ਭਾਸ਼ਾ ਹੈ। ਸਾਰੇ ਵਿਸ਼ਵ ਵਿਚ ਸੰਗੀਤ ਦੇ 7 ਮੁੱਖ ਸਵਰ (ਪੰਚ ਬਾਜਿਤ੍ਰ ਕਰੈ ਸੰਤੋਖਾ ਸਾਤ ਸੁਰਾ ਲੈ ਚਾਲੈ) ਮੰਨੇ ਜਾਂਦੇ ਹਨ। ਸਵਰਾਂ ਦੇ ਘਟਾ ਵਧਾ ਨਾਲ ਰਾਗਾਂ ਦੇ ਸਵਰੂਪ ਅਤੇ ਭੇਦ ਬਣਦੇ ਹਨ। ਰਾਗਾਂ ਦੇ ਭਿੰਨ ਭਿੰਨ ਪ੍ਰਕਾਰਾਂ ਕਰਕੇ ਹਰ ਜੀਵ ਉੱਤੇ ਰਾਗ ਦਾ ਵਖ ਵਖ ਪ੍ਰਭਾਵ ਪੈਂਦਾ ਹੈ ਇਸ ਕਰਕੇ ਸਪੇਰਾ ਜਦੋਂ ਬੀਨ ਰਾਹੀਂ ਸਾਰੰਗ ਰਾਗ (ਜਿਸ ਦੀ ਤਾਸੀਰ ਠੰਡੀ ਹੈ ਅਤੇ ਦਿਨ ਦੇ ਤੀਸਰੇ ਪਹਿਰ ਦਾ ਸਮਾਂ) ਦੀ ਧੁਨਿ ਵਜਾਉਂਦਾ ਹੈ ਤਾਂ ਸੱਪ ਭਾਵੇਂ ਕਿਸੇ ਵੀ ਦੇਸ਼ ਦਾ ਹੋਵੇ ਭਾਰਤ ਇੰਗਲੈਂਡ, ਅਮਰੀਕਾ, ਕਨੇਡਾ ਦਾ ਹੋਵੇ, ਜ਼ਹਿਰ ਛੱਡ ਕੇ ਮਸਤ ਹੋ ਝੂਮ ਜਾਂਦਾ ਹੈ। ਵਾਸਤਵ ਵਿਚ ਕਿਸੇ ਭੀ ਤਰ੍ਹਾਂ ਦੀ ਉਠੀ ਹੋਈ ਆਵਾਜ਼ ਸੰਗੀਤ ਹੀ ਹੈ। ਜਿਸ ਨੂੰ ਧਾਰਮਕ ਬੋਲੀ ਵਿਚ ਸ਼ਬਦ, ਨਾਦ ਵੀ ਆਖਿਆ ਹੈ।

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ,
ਸੋ ਬਿਨੁ ਹਰਿ ਜਾਪਤ ਹੈ ਨਹੀਂ ਹੋਰ ॥

ਕਿਉਂਕਿ ਪਰਮੇਸ਼ਰ ਆਪਣੀ ਰਚਨਾ ਵਿਚ 'ਸ਼ਬਦ' 'ਨਾਦ', ਅਨੁਰਾਗ' ਕਰ ਕੇ ਭਰਪੂਰ ਹੈ। ਹੁਇ ਫੈਲਿਓ ਅਨੁਰਾਗ-ਗੁਰੂ ਬਚਨ ਹਨ। ਸ਼ਬਦ ਕਰਕੇ ਹੀ ਸ੍ਰਿਸ਼ਟੀ ਦੀ ਰਚਨਾ ਹੋਈ ਹੈ। 'ਆਪੀਨੈ ਆਪਿ ਸਾਜਿਓ ਆਪੀਨੈ ਰਚਿਓ ਨਾਉ' ਨਿਰਗੁਣ ਤੋਂ ਸਰਗੁਣ ਹੋਣ ਦੀ ਕਿਰਿਆ ਸ਼ਬਦ ਦਾ ਹੀ ਵਿਸਥਾਰ ਹੈ। ਇਵੇਂ ਹੀ ਸਰਗੁਣ ਤੋਂ ਨਿਰਗੁਣ ਵੀ ਸ਼ਬਦ ਰਾਹੀਂ ਹੀ ਹੋਵੇਗਾ। ਇਸ ਲਈ ਸ਼ਬਦ (ਨਾਦ) ਦੇਹੁਲੀ ਦੀਪਕ ਕਹਿਲਾਂਦਾ ਹੈ। ਸੋ ਸ਼ਬਦ ਜੋ ਘਟਿ ਘਟਿ, ਕਣ ਕਣ ਵਿਚ ਰਮਿਆ ਹੈ ਸੋ ਹੀ ਨਾਦ ਹੈ ਜੋ ਨਿਰੰਤਰ ਇਕ ਰਸ ਸੰਗੀਤਕ ਧੁਨਿ ਦੇ ਰੂਪ ਵਿਚ ਸਦਾ ਘਟਿ ਘਟਿ ਵਿਚ ਵਜ ਰਿਹਾ ਹੈ। ਇਸ ਸੂਖਸ਼ਮ ਧੁਨਿ ਦਾ ਪ੍ਰਗਟ ਰੂਪ ਸੰਗੀਤ ਹੈ ਜੋ ਸਾਰੇ ਵਿਸ਼ਵ ਵਿਚ ਵਿਵਹਾਰਕ ਰੂਪ ਵਿਚ ਮਨ ਦੀ ਸ਼ਾਂਤੀ ਅਤੇ ਅਸ਼ਾਂਤੀ ਪ੍ਰਦਾਨ ਕਰਨ ਵਾਲਾ ਹੈ। ਜਿਵੇਂ ਇਕ ਮੰਜਲ ਨਾਲ ਜੋੜਨ ਵਾਲਾ ਵੀ ਰਸਤਾ ਹੈ, ਤੇ ਤੋੜਨ ਵਾਲਾ ਵੀ ਰਸਤਾ ਹੀ ਹੈ। ਭੇਦ ਕੇਵਲ ਮੰਜਲ ਵਲ ਮੂੰਹ ਕਰਕੇ ਤੁਰਨ ਅਤੇ ਮੰਜਲ ਵਲ ਪਿੱਠ ਕਰਕੇ ਤੁਰਨ ਦਾ ਹੈ।

ਇਵੇਂ ਹੀ ਵਿਵਹਾਰਕ ਜਿੰਦਗੀ ਵਿਚ ਇਹ ਭੇਦ ਪ੍ਰਮੇਸ਼ਰ ਗੁਰੂ ਰੂਪ ਹੋ ਕੇ ਜੀਵਾਂ ਨੂੰ ਸਮਝਾਉਂਦਾ ਹੈ ਜਾਂ ਫਿਰ 'ਆਪਿ ਜਪੈ ਅਵਰਹ ਨਾਮ ਜਪਾਵੈ,' ਪਰਮੇਸਰ ਨਾਲ ਜੁੜੇ ਹੋਏ ਪਿਆਰੇ ਇਸ ਭੇਦ ਦੇ ਜਾਣੂ ਹੋ ਪ੍ਰਮੇਸਰ ਦੇ ਹੁਕਮ ਵਿਚ ਜੀਵਾਂ ਤਾਈਂ

ਜਣਾਉਂਦੇ ਹਨ। ਸੰਗੀਤ ਪ੍ਰਮੇਸ਼ਰ ਨਾਲ ਜੋੜਨ ਅਤੇ ਉਸ ਤੋਂ ਤੋੜਨ ਦਾ ਮਾਧਿਅਮ ਹੈ। ਜਦੋਂ ਸੰਗੀਤ ਅਸ਼ਲੀਲ ਕਰਮ ਲਈ ਪ੍ਰੇਰੇ ਚੰਚਲਤਾ ਵਧੇ ਤਾਂ ਪ੍ਰਮੇਸ਼ਰ ਤੋਂ ਟੁੱਟੀ ਦਾ ਹੈ ਪਰ ਜਦੋਂ ਸੰਗੀਤ ਰਾਹੀਂ ਪ੍ਰਮੇਸ਼ਰ ਦੀ ਉਸਤਤਿ ਕਰੀਏ ਤਾਂ ਮਨ ਦੀ ਅਸ਼ਾਂਤੀ, ਵਿਕਾਰ ਖਤਮ ਹੋ ਜਾਂਦੇ ਹਨ। ਪ੍ਰਮੇਸ਼ਰ ਨਾਲ ਜੁੜ ਕੇ ਗੁਣਵਾਨ ਹੋ, ਸੁਖੀ ਹੋ ਕੇ, ਪਰਮ ਪਦ ਨੂੰ ਪ੍ਰਾਪਤ ਹੋਈਦਾ ਹੈ। ਪਰਮੇਸ਼ਰ ਦੇ ਪਿਆਰਿਆਂ ਨੇ ਆਦਿ ਜੁਗਾਦਿ ਤੋਂ ਪ੍ਰਮੇਸ਼ਰ ਦੀ ਪ੍ਰਾਪਤੀ ਲਈ ਸੰਗੀਤ ਨੂੰ ਭਗਤੀ ਦਾ ਇਕ ਪ੍ਰਮੁੱਖ ਆਧਾਰ ਮੰਨਿਆ ਹੈ, ਅਨਿਖੜਵਾਂ ਅੰਗ ਮੰਨਿਆ ਹੈ। ਭਗਤੀ ਦੀ ਸੰਪੂਰਨਤਾ ਲਈ ਸ਼ਬਦ (ਨਾਮ) ਦੀ ਨਿਰੰਤਰਤਾ, ਇਕਾਗਰਤਾ ਅਤੇ ਇਕਲਯਤਾ ਬਹੁਤ ਜ਼ਰੂਰੀ ਹੈ। ਲੈ ਸੰਗੀਤ ਦਾ ਪ੍ਰਾਣ ਹੈ ਜਿਸ ਨਾਲ ਇਕਾਰਗਤਾ, ਸੁਖੈਨ ਹੀ ਹੋ ਜਾਂਦੀ ਹੈ। ਧਰਮ ਦੇ ਇਤਿਹਾਸ ਦੀ ਪੜਚੋਲ ਕੀਤਿਆਂ ਨਿਸਚੇ ਹੋ ਆਂਵਦਾ ਹੈ ਕਿ ਸੰਗੀਤ ਸਦਾ ਹੀ ਧਰਮ ਦਾ ਪ੍ਰਧਾਨ ਅੰਗ ਰਿਹਾ ਹੈ। ਧਾਰਮਕ ਬੋਲੀ ਵਿਚ ਸੰਗੀਤ ਨੂੰ ਕੀਰਤਨ ਕਿਹਾ ਗਿਆ ਹੈ। ਭਗਵਾਨ ਵਿਸ਼ਨੂੰ ਜੀ ਨੇ ਭਗਤੀ ਦੀ ਨਿਰੰਤਰਤਾ ਲਈ ਸੰਗੀਤ ਦੀ ਪੂਰਤੀ ਲਈ ਸੰਖ ਦੀ ਵਰਤੋਂ ਕੀਤੀ, ਸ਼ਿਵ ਜੀ ਦੇ ਹੱਥ ਵਿਚ ਡਮਰੂ ਹੈ, ਕ੍ਰਿਸ਼ਨ ਜੀ ਮਹਾਰਾਜ ਨੇ ਹੱਥ ਵਿਚ ਬੰਸਰੀ ਲਈ, ਭਗਵਾਨ ਰਾਮਚੰਦਰ ਜੀ ਦੇ ਦਰਬਾਰ ਵਿਚ ਹਨੂੰਮਾਨ ਜੀ ਦੇ ਹੱਥ ਵਿਚ ਖੜਤਾਲਾਂ ਹਨ, ਜਗਤ ਪ੍ਰਸਿਧ ਮੁਨੀ ਨਾਰਦ ਜੀ ਦੇ ਹੱਥ ਵਿਚ ਵੀਣਾ ਹੈ ਮੀਰਾਂ ਦੇ ਹੱਥ ਵਿਚ ਇਕ ਤਾਰਾ ਹੈ, ਜੋਗੀ ਅਵਧੂਤਾਂ ਦੇ ਹੱਥ ਕਿੰਗਰੀ ਆਦਿ ਉਦਾਹਰਣਾਂ ਸਾਡੇ ਸਾਹਮਣੇ ਹਨ। ਕਲਿਜੁਗ ਵਿਚ ਜਗਤ ਤਾਰਕ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਕੀਰਤਨ ਲਈ ਰਬਾਬ ਨੂੰ ਅਧਾਰ ਬਣਾਇਆ। ਰਬਾਬ ਤੋਂ ਭਾਵ ਰਬ+ਆਬ, ਰੱਬ ਦਾ ਪਾਣੀ, ਰਬ ਦੇ ਦਰਸ਼ਨ ਦੀ ਪਿਆਸ ਬੁਝਾਉਣ ਵਾਲਾ ਕੀਰਤਨ ਰੂਪ ਪਾਣੀ ਲਈ ਸਾਜ। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸਿਰੰਦਾ, ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤਾਊਸ, ਗੁਰੂ ਕਲਗੀਧਰ ਪਾਤਸ਼ਾਹ ਜੀ ਨੇ ਤਾਨਪੂਰਾ ਵਜਾ ਕੇ ਕੀਰਤਨ ਕੀਤਾ। ਸਭ ਧਾਰਮਕ ਆਗੂਆਂ ਦੀ ਸੰਗੀਤ ਦੇ ਸਾਜਾ ਨੂੰ ਆਪਣੇ ਹੱਥ ਰੱਖਣਾ ਇਸ ਗੱਲ ਦਾ ਸੂਚਕ ਹੈ ਕਿ ਕੀਰਤਨ ਭਗਤੀ ਦਾ ਅਨਿਖੜਾਵਾਂ ਅੰਗ ਸਦਾ ਬਣਿਆ ਰਿਹਾ ਹੈ। ਇਕ ਅਸਚਰਜ ਗੱਲ ਹੋਰ ਹੈ ਕਿ ਜਦੋਂ ਵੀ ਕਦੇ ਕੋਈ ਭਗਤ, ਸੰਤ, ਗੁਰੂ ਅਵਤਾਰ, ਪ੍ਰਮੇਸ਼ਰ ਜੀ ਨਾਲ ਮਿਲਿਆ ਜਾਂ ਜਗਤ ਜੀਵਾਂ ਲਈ ਜੋ ਸੁਨੇਹਾ, ਉਪਦੇਸ਼ ਲੈ ਕੇ ਆਏ ਉਹ ਸਾਰਾ ਰਾਗਮਈ ਕਾਵਿ-ਰੂਪ ਵਿਚ ਹੀ ਆਇਆ ਹੈ। ਇਹੀ ਕਾਰਨ ਹੈ ਕਿ ਸਾਰੀ ਗੁਰਬਾਣੀ ਵੀ ਰਾਗਾਤਮਕ ਹੈ। ਭਗਤ ਕਬੀਰ ਜੀ, ਭਗਤ ਰਵਿਦਾਸ ਜੀ, ਭਗਤ ਸੈਣ ਜੀ, ਭਗਤ ਪੀਪਾ ਜੀ, ਭਗਤ ਧੰਨਾ ਜੀ, ਸ਼ੇਖ ਫਰੀਦ ਜੀ, ਇਤਿਆਦਕ ਮਹਾਂਪੁਰਸ਼ ਭਾਵੇਂ ਉਹ ਕਿਸੇ ਜਾਤੀ ਨਾਲ ਸਬੰਧਤ ਸਨ ਜਾਂ ਕੋਈ ਵੀ ਕਿੱਤਾ ਕਰਦੇ ਸਨ, ਪ੍ਰਮੇਸ਼ਰ ਜੀ ਦੇ ਦਰ ਦੇ ਪ੍ਰਵਾਨ ਹੋਏ ਹਨ ਅਤੇ ਜੋ ਸੁਨੇਹਾ ਉਨ੍ਹਾਂ ਸਾਨੂੰ ਜੀਵਾਂ ਨੂੰ ਦਿਤਾ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਗੁਰੂ ਰੂਪ ਹੋ ਬਿਰਾਜਮਾਨ ਹੈ ਅਤੇ ਪੂਜਨਯੋਗ ਹੈ। ਉਹ ਸਾਰੀ ਬਾਣੀ ਵੀ ਰਾਗਾਤਮਕ ਹੈ। ਵਿਚਾਰ ਦੇ ਨਾਲ ਨਾਲ ਗੁਰਬਾਣੀ ਨੂੰ ਨਿਰਧਾਰਤ ਰਾਗਾਂ ਵਿਚ ਗਾਉਣ ਦਾ ਹੁਕਮ ਹੈ 'ਕਲਿਜੁਗ ਮਹਿ ਕੀਰਤਨ ਪਰਧਾਨਾ' ਗੁਰੂ ਪਾਤਸ਼ਾਹ

ਦਾ ਫੁਰਮਾਨ ਹੈ। ਕੀਰਤਨ ਰਾਹੀਂ ਪ੍ਰਭੂ ਦੀ ਸਿਫਤ ਸਲਾਹ ਵਿਚ ਜੁੜਨ ਦੀ ਐਸੀ ਦਾਤਿ ਕਲਿਜੁਗ ਦੇ ਜੀਵਾਂ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਬਖਸ਼ੀ ਹੈ, ਜਿਸ ਨਾਲ ਮਨ ਦੇ ਸਾਰੇ ਦ੍ਵੈਸ਼, ਕਲੇਸ਼, ਵੈਰ, ਵਿਕਾਰ, ਜਨਮ, ਮਰਣ, ਮਿਟ ਜਾਂਦੇ ਹਨ, ਪ੍ਰਭੂ ਦਰ ਰਿਸਾਈ ਹੋ ਆਂਵਦੀ ਹੈ। ਅੰਦਰਲੇ ਨਾਦ ਦਾ ਪ੍ਰਗਟ ਰੂਪ ਜੋ ਪ੍ਰਨਮ ਕੇ ਆਇਆ ਉਹ ਕੀਰਤਨ ਹੈ ਅਤੇ ਕੀਰਤਨ ਰਾਹੀਂ ਅੰਦਰਲਾ ਨਾਦ ਸੂਖੈਨ ਹੀ ਪ੍ਰਗਟ ਹੋ ਜਾਂਦਾ ਹੈ ਅਤੇ ਨਾਦ ਜਿਸ ਦਾ ਦੂਜਾ ਨਾਮ ਅਨਹਦ ਸ਼ਬਦ ਹੈ, ਹੀ ਜੀਵਨ ਦੀ ਅੰਦਰਲੀ ਲੈ ਹੈ। ਇਸੇ ਬਾਰੇ ਗੁਰੂ ਮਹਾਰਾਜ ਦਾ ਫੁਰਮਾਨ ਹੈ 'ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ' ਅਤੇ 'ਅਨੇਕ ਵਾਜੇ ਵਜਹਿ ਘਰਿ ਮਹਿ' ਪਰ ਇਹ ਨਾਦ ਜੋ ਨਿਰੰਤਰ ਹੋ ਰਿਹਾ ਹੈ ਕਿਸੇ ਵਿਰਲੇ ਨੇ ਹੀ ਨਾਮ ਦੀ ਕਮਾਈ ਕਰਕੇ ਸੁਣਿਆ ਹੈ ਅਤੇ ਫਿਰ ਉਸ ਧੁਨੀ ਵਿਚ ਮਸਤ ਹੋ ਅਸਚਰਜ ਸੁਆਦ ਮਾਣਿਆ ਹੈ। 'ਅਨਹਦ ਧੁਨੀ ਮੇਰੋ ਮਨ ਮੋਹਿਓ ਅਚਰਜ ਤਾ ਕੇ ਸੁਆਦ, ਕਿਉਂਕਿ ਇਹ ਧੁਨਿ ਪ੍ਰਮੇਸ਼ਰ ਦੀ ਸਦ ਹੈ, ਪ੍ਰਮੇਸਰ ਦੀ ਆਵਾਜ਼ ਹੈ, ਸ਼ਬਦ ਹੈ, ਪ੍ਰਮੇਸਰ ਦੇ ਦਰ ਤੋਂ ਆਇਆ ਹੈ, ਤੇ ਗੁਰੂ ਹੈ, ਇਸ ਨਾਲ ਚਿਤ ਲਾਇਆਂ ਪ੍ਰਮੇਸਰ ਦੀ ਪ੍ਰਾਪਤੀ ਹੁੰਦੀ ਹੈ।

'ਧੁਨਿ ਮਹਿ ਧਿਆਨ ਧਿਆਨ ਮਹਿ ਜਾਨਿਆ'

'ਸ਼ਬਦ ਗੁਰੂ ਸੁਰਤਿ ਧੁਨਿ ਚੇਲਾ'

ਸੁਰਤਿ, ਧੁਨਿ (ਸ਼ਬਦ-ਗੁਰੂ) ਦੇ ਮਗਰ ਜਾਂਦੀ ਹੈ, ਗੁਰੂ ਮਾਰਗ ਦਰਸਾਉਂਦਾ ਹੈ ਇਸ ਲਈ ਸ਼ਬਦ ਸੁਰਤਿ ਨੂੰ ਉਚਿਆਂ ਚੁਕ ਕੇ ਪ੍ਰਮੇਸ਼ਰ ਤਕ ਅਨੇਕਾਂ ਅਸਚਰਜ ਅਵਸਥਾਵਾਂ ਰਾਹੀਂ ਲੰਘਾ ਕੇ ਅਪੜਾ ਦੇਂਦਾ ਹੈ। ਕਲਿਜੁਗ ਵਿਚ ਨਾਮ ਦੀ ਵਡਿਆਈ ਹੈ। ਨਾਮ ਹਿਰਦੇ ਵਸਾਉਣ ਲਈ ਕੀਰਤਨ ਸਭ ਤੋਂ ਉਤਮ ਸਾਧਨ ਹੈ। ਇਹੀ ਕਾਰਨ ਹੈ ਸਿਖੀ ਦੇ ਕੇਂਦਰ ਸਚ ਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਥੋੜੇ ਜਿਹੇ ਸਮੇਂ ਨੂੰ ਛੱਡ ਕੇ ਦਿਨ ਰਾਤ ਕੇਵਲ ਕੀਰਤਨ ਹੀ ਹੁੰਦਾ ਹੈ। ਕੀਰਤਨ ਦੀ ਮਰਯਾਦਾ ਗੁਰੂ ਅਰਜਨ ਦੇਵ ਜੀ ਅਤੇ ਫਿਰ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਨੇ ਆਪ ਬੰਨ੍ਹੀ। ਅੱਠ ਚੌਕੀਆਂ ਕੀਰਤਨ ਦੀਆਂ ਬਣਾਈਆਂ ਜਿਨ੍ਹਾਂ ਵਿਚ ਨਿਰਧਾਰਤ ਰਾਗਾਂ ਵਿਚ ਨਿਰਧਾਰਤ ਸਮੇਂ ਵਿਚ ਗੁਰਬਾਣੀ ਦਾ ਕੀਰਤਨ ਹੁੰਦਾ ਹੈ। ਸ੍ਰੀ ਹਰਿਮੰਦਰ ਸਾਹਿਬ ਤੋਂ ਹੀ ਸਾਨੂੰ ਸੇਧ ਮਿਲਦੀ ਹੈ ਅਸੀਂ ਸਦਾ ਸਿਖੀ ਦੀ ਪਕਿਆਈ ਲਈ ਸ੍ਰੀ ਹਰਿਮੰਦਰ ਜੀ ਵਲ ਹੀ ਤਕਿਆ ਹੈ। ਅਤੇ ਅਜ ਲੋੜ ਹੈ ਫਿਰ ਉਸ ਮਰਯਾਦਾ ਦਾ ਪ੍ਰਚਾਰ ਪ੍ਰਸਾਰ ਹੋਵੇ, ਤਾਂ ਕਿ ਸਾਰੇ ਜਗਤ ਵਿਚ ਸ਼ਾਂਤੀ ਵਰਤੇ।

# ਸੰਗੀਤ ਸਿੱਖਿਆ

## ਤਾਲ ਕਹਿਰਵਾ ਤਿੰਨ ਤਾਲ

ਲੈਅ ਦੁਆਰਾ ਵੀ ਸੰਗੀਤ ਵਿੱਚ ਰਸ ਦੀ ਉਤਪਤੀ ਹੁੰਦੀ ਹੈ ਅਤੇ ਭਿੰਨ ਭਿੰਨ ਪ੍ਰਕਾਰ ਦੀ ਲੈਅ ਨਾਲ ਕਲਾ ਉਤਪੰਨ ਹੁੰਦੀ ਹੈ। ਜਦੋਂ ਅਸੀਂ ਲੈਅ ਨੂੰ ਨਿਯਮਾਂ ਦੇ ਬੰਧਨ ਵਿੱਚ ਬੰਨ੍ਹ ਲੈਂਦੇ ਹਾਂ ਤਾਂ ਉਸ ਨੂੰ ਤਾਲ ਦਾ ਨਾਂ ਦੇ ਦਿੰਦੇ ਹਾਂ। ਜਿਵੇਂ ਤਾਲ ਦਾਦਰਾ, ਤਿੰਨ ਤਾਲ ਅਤੇ ਝੱਪ ਤਾਲ ਆਦਿ। ਹਰ ਇੱਕ ਤਾਲ ਦੇ ਨਿਯਮ ਵੱਖ ਵੱਖ ਹੁੰਦੇ ਹਨ। ਇਹ ਤਾਲਾਂ ਗਾਇਨ, ਵਾਦਨ ਅਤੇ ਨ੍ਰਿਤ ਵਿੱਚ ਵੱਖ-ਵੱਖ ਸ਼ੈਲੀ ਅਨੁਸਾਰ ਵਜਾਈਆਂ ਜਾਂਦੀਆਂ ਹਨ ਜਿਵੇਂ ਵੱਡੇ ਖਿਆਲ ਵਿੱਚ ਇੱਕ ਤਾਲ, ਝੂਮਰਾ ਆਦਿ, ਛੋਟੇ ਖਿਆਲ ਵਿੱਚ ਤਿੰਨ ਤਾਲ, ਝੱਪ ਤਾਲ ਆਦਿ ਧਰੁਪਦ ਵਿੱਚ ਚਾਰ ਤਾਲ ਅਤੇ ਭਜਨ ਗੀਤ ਜਾਂ ਸ਼ਬਦ ਵਿੱਚ ਦਾਦਰਾ, ਕਹਿਰਵਾ, ਤਿੰਨ ਤਾਲ ਆਦਿ। ਜਿਸ ਤਰ੍ਹਾਂ ਤਾਲਾਂ ਵੱਖ-ਵੱਖ ਸ਼ੈਲੀਆਂ ਵਿੱਚ ਵੱਖ ਵੱਖ ਵਜਦੀਆਂ ਹਨ, ਉਸੇ ਤਰ੍ਹਾਂ ਤਾਲ ਵਜਾਉਣ ਦੇ ਅਨੇਕ ਸਾਜ ਪ੍ਰਚਲਿਤ ਹਨ ਜਿਹੜੇ ਆਪਣੇ ਵੱਖ-ਵੱਖ ਰੂਪਾਂ ਅਤੇ ਵੱਖ-ਵੱਖ ਨਾਵਾਂ ਨਾਲ ਜਾਣੇ ਜਾਂਦੇ ਹਨ ਜਿਵੇਂ ਤਬਲਾ, ਢੋਲਕ ਮਿਰਦੰਗ, ਪਖਾਵਜ ਆਦਿ।

### ਤਿੰਨ ਤਾਲ

ਤਿੰਨ ਤਾਲ ਦੀਆਂ ਸੋਲਾਂ ਮਾਤਰਾ ਹੁੰਦੀਆਂ ਹਨ। ਇਸ ਦੇ ਚਾਰ ਚਾਰ ਮਾਤਰਾ ਦੇ ਚਾਰ ਭਾਗ ਹੁੰਦੇ ਹਨ। ਇਸ ਵਿੱਚ ਤਿੰਨ ਤਾਲੀਆਂ ਤੇ ਇੱਕ ਖਾਲੀ ਹੁੰਦੀ ਹੈ। ਪਹਿਲੀ ਮਾਤਰਾ ਤੇ ਸਮ, ਪੰਜਵੀਂ ਮਾਤਰਾ ਤੇ ਦੂਸਰੀ ਤਾਲੀ ਅਤੇ ਤੇਰ੍ਹਵੀਂ ਮਾਤਰਾ ਤੇ ਤੀਸਰੀ ਤਾਲੀ ਹੁੰਦੀ ਹੈ। ਨੌਵੀਂ ਮਾਤਰਾ ਤੇ ਖਾਲੀ ਮੰਨਦੇ ਹਨ। ਇਹ ਤਾਲ ਖਿਆਲ ਗੀਤ ਦੇ ਨਾਲ ਜ਼ਿਆਦਾ ਵਜਾਈ ਜਾਂਦੀ ਹੈ।

ਮੱਧ ਲੈਅ ਤਿੰਨ ਤਾਲ ਇੱਕ ਗੁਣ

| | | | | |
|---|---|---|---|---|
| ਮਾਤਰਾ | 1 2 3 4 | 5 6 7 8 | 9 10 11 12 | 13 14 15 16 |
| ਤਾਲ ਤੇ ਬੋਲ | ਧਾ ਧਿੰ ਧਿੰ ਧਾ | ਧਾ ਧਿੰ ਧਿੰ ਧਾ | ਧਾ ਤਿੰ ਤਿੰ ਤਾ | ਤਾ ਧਿੰ ਧਿੰ ਧਾ |
| ਤਾਲੀ ਚਿੰਨ੍ਹ | x | 2 | 0 | 3 |

### ਤਾਲ ਕਹਿਰਵਾ

ਤਾਲ ਕਹਿਰਵਾ ਵਿੱਚ ਅੱਠ ਮਾਤਰਾਂ ਹੁੰਦੀਆਂ ਹਨ। ਇਸ ਦੇ ਚਾਰ ਚਾਰ ਮਾਤਰਾਵਾਂ ਦੇ ਦੋ ਭਾਗ ਹੁੰਦੇ ਹਨ। ਪਹਿਲੀ ਮਾਤਰਾ ਤੇ ਸਮ ਅਤੇ ਪੰਜਵੀਂ ਮਾਤਰਾ ਤੇ

ਖਾਲੀ ਮੰਨਦੇ ਹਨ। ਇਸ ਤਾਲ ਦਾ ਪ੍ਰਯੋਗ ਹਲਕੇ ਫੁਲਕੇ ਗਾਣਿਆਂ ਅਰਥਾਤ ਗੀਤ, ਭਜਨ, ਗਜ਼ਲ, ਸ਼ਬਦ ਆਦਿਕ ਦੇ ਨਾਲ ਕੀਤਾ ਜਾਂਦਾ ਹੈ।

ਮੱਧ ਲੈਅ ਤਾਲ ਕਹਿਰਵਾ ਇੱਕ ਗੁਣ

| | | | | | | | | |
|---|---|---|---|---|---|---|---|---|
| ਮਾਤਰਾ | 1 | 2 | 3 | 4 | 5 | 6 | [illegible] | 8 |
| ਤਾਲ ਦੇ ਬੋਲ | ਧਾ | ਗੇ | ਨਾ | ਤਿ | ਨ | ਕ | ਧਿ | ਨਾ |
| ਤਾਲੀ ਦੇ ਚਿੰਨ੍ਹ | x | | | | 0 | | | |

# ਗੁਰਬਾਣੀ ਤੇ ਰਾਗ-ਰਸ ਦਾ ਸੰਬੰਧ

— ਸ਼ੰਕਰ ਲਾਲ ਮਿਸ਼ਰ

ਇਸ ਵਿਸ਼ਾਲ ਸੰਸਾਰ ਵਿਚ ਪਰਮਾਤਮਾ ਦੇ ਨਾਮ ਗੁਣ ਤੇ ਕੀਰਤੀ ਦਾ ਵਰਣਨ ਸੰਗੀਤ, ਰਾਗ, ਰਾਗਣੀ ਤੇ ਤਾਲ ਸਮੇਤ ਕੇਵਲ ਇੱਕੋ ਹੀ ਗ੍ਰੰਥ ਵਿਚ ਪਾਇਆ ਜਾਂਦਾ ਹੈ, ਉਹ ਹੈ ਗੁਰੂ ਗਰੰਥ ਸਾਹਿਬ। ਵਿਦਿਆ ਤੇ ਕਲਾ ਦੀ ਦੇਵੀ ਸੁਰਸਤੀ ਦਾ ਇਤਨਾ ਸਨਮਾਨ ਸੰਸਾਰ ਦੀ ਕਿਸੇ ਕੌਮ, ਕਿਸੇ ਧਰਮ ਅਥਵਾ ਕਿਸੇ ਵੀ ਸੰਪਰਦਾਇ ਵਿਚ ਨਹੀਂ ਮਿਲਦਾ ਜਿਤਨਾ ਗੁਰਬਾਣੀ ਨੂੰ ਪ੍ਰਾਪਤ ਹੋਇਆ ਹੈ। ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਗੁਰਿਆਈ ਦੀ ਗੱਦੀ ਇਸ ਨੂੰ ਹੀ ਮਿਲੀ, ਅਤੇ ਗੁਰੂ ਨੂੰ ਈਸ਼ਵਰ ਦਾ ਪ੍ਰਤੀਕ ਮੰਨਿਆ ਗਿਆ ਹੈ। ਇਸੇ ਲਈ ਗੁਰੂ ਨੂੰ ਬ੍ਰਹਮਾ, ਵਿਸ਼ਨੂੰ, ਸ਼ਿਵਜੀ, ਪ੍ਰਤੱਖ ਪਰਮੇਸ਼ਰ ਆਖਿਆ ਗਿਆ ਹੈ। ਇਸ ਤੋਂ ਉੱਚੀ ਪਦਵੀ ਕਿਸ ਦੀ ਹੋ ਸਕਦੀ ਹੈ? ਗੁਰੂ ਗਰੰਥ ਸਾਹਿਬ ਅਜੇਹੇ ਉੱਚੇ ਅਸਥਾਨ ਤੇ ਬਿਰਾਜਮਾਨ ਹੈ ਜਿਸ ਦਾ ਹਰ ਇਕ ਛੰਦ ਤੇ ਪੰਗਤੀ ਰਾਗ, ਰਾਗਣੀ ਤੇ ਸੁਰ-ਤਾਲ ਵਿਚ ਗੁੰਦਿਆ ਹੋਇਆ ਹੈ।

ਸੰਗੀਤ-ਕਲਾ ਵਿਚ ਅਨੇਕਾਂ ਗੁਣ ਹਨ। ਇਹ ਮਨ ਨੂੰ ਸ਼ਾਂਤੀ ਦੇਂਦੀ ਹੈ, ਕੇਵਲ ਮਨੁੱਖ ਮਨ ਹੀ ਨਹੀਂ, ਪਸ਼ੂ ਪੰਛੀ ਵੀ ਇਸ ਨਾਲ ਖੁਸ਼ੀ ਪ੍ਰਾਪਤ ਕਰਦੇ ਹਨ। ਸੰਗੀਤ ਵਿਚ ਥਕੇਵਾਂ ਦੂਰ ਕਰਨ ਦੀ ਵੀ ਸਮਰੱਥਾ ਹੈ, ਇਸੇ ਲਈ ਅਸੀਂ ਦੇਖਦੇ ਹਾਂ ਕਿ ਮੇਲਿਆਂ ਜਾਂ ਤੀਰਥ ਯਾਤਰਾ ਦੇ ਸਮੇਂ ਲੋਕ ਗਾਉਂਦੇ ਗਾਉਂਦੇ ਕਈ ਮੀਲ ਪੈਦਲ ਚਲੇ ਜਾਂਦੇ ਹਨ। ਵੱਖ ਵੱਖ ਕਿੱਤਿਆਂ ਦੇ ਲੋਕ ਆਪਣਾ ਕੰਮ ਕਰਦੇ ਰਹਿੰਦੇ ਹਨ, ਤੇ ਗਾਉਂਦੇ ਰਹਿੰਦੇ ਹਨ, ਮਕਾਨ ਬਣਾਉਣ ਵਾਲੇ ਮਜ਼ਦੂਰ ਕੰਮ ਕਰਦੇ ਸਮੇਂ, ਮਾਛੀ ਮੱਛੀਆਂ ਫੜਨ ਸਮੇਂ, ਕਿਸਾਨ ਖੇਤਾਂ ਵਿਚ ਹਲ ਵਾਹੁੰਦੇ ਆਪਣੇ ਆਪਣੇ ਢੰਗ ਨਾਲ ਗੀਤ ਗਾਉਂਦੇ ਤੇ ਮਸਤ ਰਹਿੰਦੇ ਹਨ। ਸੰਗੀਤ ਵਿਚ ਯੁੱਧ ਸਮੇਂ ਯੋਧਿਆਂ ਨੂੰ ਜੋਸ਼ ਦੇਣ ਦੀ ਵੀ ਸ਼ਕਤੀ ਹੈ, ਤੇ ਦੂਜੇ ਪਾਸੇ ਭਗਤਾਂ ਦੇ ਮਨ ਨੂੰ ਸ਼ਾਂਤੀ ਤੇ ਇਕਾਗਰਤਾ ਪ੍ਰਦਾਨ ਕਰਨ ਦੀ ਵੀ ਸਮਰੱਥਾ ਹੈ। ਇਸੇ ਲਈ ਭਗਤ ਕਬੀਰ, ਸੂਰਦਾਸ, ਤੁਲਸੀ ਦਾਸ, ਮੀਰਾਂ ਬਾਈ, ਸਹਿਜ ਬਾਈ, ਜਾਸੋ ਬਾਈ ਆਦਿ ਅਨੇਕਾਂ ਭਗਤ ਸੰਗੀਤ-ਪ੍ਰੇਮੀ ਹਨ ਅਤੇ ਉਨ੍ਹਾਂ ਨੇ ਸੰਗੀਤ ਨੂੰ ਭਗਤੀ ਰਾਹੀਂ ਮੁਕਤੀ ਦੀ ਪ੍ਰਾਪਤੀ ਦਾ ਸਾਧਨ ਬਣਾਇਆ। ਖ਼ੁਦ ਭਗਵਾਨ ਨੇ ਕਿਹਾ ਹੈ, "ਜਿਥੇ ਸੰਗੀਤ ਹੈ ਮੈਂ ਉਥੇ ਹੀ ਨਿਵਾਸ ਰਖਦਾ ਹਾਂ।" ਇਕ ਗੱਲ ਹੋਰ ਵੀ ਹੈ, ਸੁਰ ਤੇ ਲੈ ਵਿਚ ਬੰਨ੍ਹੇ ਹੋਏ ਪਦੇ ਜ਼ਿਆਦਾ ਦੇਰ ਤੱਕ ਯਾਦ ਰਹਿੰਦੇ ਹਨ, ਉਨ੍ਹਾਂ ਦਾ ਪ੍ਰਭਾਵ ਪੂਰੀ ਤਰ੍ਹਾਂ ਮਨ ਤੇ ਪੈਂਦਾ ਹੈ ਤੇ ਉਸ ਨਾਲ ਸਹਿਜੇ ਹੀ ਸਥਾਈ ਭਾਵ ਦੀ ਉਤਪਤੀ ਹੋ ਜਾਂਦੀ ਹੈ ਤੇ ਇਹੋ ਸਥਾਈ ਭਾਵ 'ਰਸ' ਆਖਿਆ ਜਾਂਦਾ ਹੈ। ਗੁਰਬਾਣੀ ਦੇ ਸਾਰੇ ਪਦੇ ਕਿਸੇ ਨਾ ਕਿਸੇ ਰਸ ਨਾਲ ਸੰਬੰਧਿਤ ਹਨ। ਇਨ੍ਹਾਂ ਨੂੰ ਗਾਉਣ ਲਈ ਰਾਗ ਤੇ ਤਾਲ ਦੇ ਥਾਂ ਥਾਂ ਸੰਕੇਤ ਦਿੱਤੇ ਗਏ ਹਨ, ਤੇ ਇਹ ਸਥਾਈ ਹੋ ਕੇ ਰਸ ਪੈਦਾ ਕਰਦੇ ਹਨ; ਇਸ ਤਰ੍ਹਾਂ ਇਨ੍ਹਾਂ ਰਾਗਾਂ ਦਾ ਰਸ ਨਾਲ ਸੰਬੰਧ ਜੁੜ ਜਾਂਦਾ ਹੈ।

ਰਸ ਨੂੰ 'ਕਾਵਿ ਦੀ ਆਤਮਾ' ਮੰਨਿਆ ਗਿਆ ਹੈ। ਉਂਜ ਤਾਂ 'ਰਸ' ਸ਼ਬਦ ਦੇ ਕਈ ਅਰਥ ਹਨ, ਪਰੰਤੂ ਕਾਵਿ ਵਿਚ ਰਸ ਉਹ ਵਸਤੂ ਹੈ ਜਿਸ ਦਾ ਵਚਿੱਤਰ ਸਵਾਦ ਹੈ, ਜ ਕੇਵਲ ਅਨੁਭਵ ਹੀ ਕੀਤਾ ਜਾ ਸਕਦਾ ਹੈ। ਇਸ ਨੂੰ ਸ਼ਬਦਾਂ ਦੁਆਰਾ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਰਸ ਦਾ ਸੁਆਦ ਆਉਣ ਤੇ ਮਨੁੱਖ ਸੁਖ, ਦੁੱਖ ਤੇ ਹੋਰ ਅਨੇਕ ਤਰ੍ਹਾਂ ਦੇ ਪਰਸਪਰ ਭੇਦ-ਭਾਵਾਂ ਨੂੰ ਦੂਰ ਕਰਕੇ ਸਾਰੇ ਸੰਸਾਰ ਨੂੰ ਆਪਣਾ ਪਰਵਾਰ ਮੰਨਣ ਲਗ ਜਾਂਦਾ ਹੈ। ਇਸੇ ਕਰਕੇ ਸਾਹਿਤ-ਆਚਾਰੀਆਂ ਨੇ ਰਸ-ਰੂਪੀ ਆਨੰਦ ਦੀ ਤੁਲਨਾ ਬ੍ਰਹਮ-ਆਨੰਦ ਨਾਲ ਕੀਤੀ ਹੈ। ਵੇਦਾਂ ਵਿਚ ਤਾਂ ਈਸ਼ਵਰ ਨੂੰ ਵੀ ਰਸ-ਰੂਪ ਹੀ ਆਖਿਆ ਗਿਆ ਹੈ, ਇਸੇ ਲਈ ਲਿਖਿਆ ਹੈ :

ਰਸੌ ਵੈ ਸ: 1

ਭਾਵ ਤੇ ਰਸ ਅਨੇਕਾਂ ਹਨ, ਇਸ ਲਈ ਤੁਲਸੀ ਦਾਸ ਜੀ ਨੇ ਕਿਹਾ ਹੈ :

ਭਾਵ ਭੇਦ ਰਸ ਭੇਦ ਅਪਾਰਾ।

ਪਰੰਤੂ ਪਰਧਾਨ ਸਥਾਈ ਭਾਵ ਨੌਂ ਮੰਨੇ ਗਏ ਹਨ, ਉਹ ਹਨ ਰਤੀ, ਹਾਸ, ਸੋਗ, ਕ੍ਰੋਧ, ਉਤਸ਼ਾਹ, ਭੈ, ਘ੍ਰਿਣਾ, ਵਿਸਮਯ, ਤੇ ਨਿਰਵੇਦ। ਵਰਤਮਾਨ ਆਚਾਰੀਆਂ ਨੇ ਵਾਤਸਲ ਨੂੰ ਦਸਵਾਂ ਭਾਵ ਮੰਨਿਆ ਹੈ; ਇਹੋ ਸਥਾਈ ਭਾਵ ਸ਼ਿੰਗਾਰ, ਹਾਸ, ਕਰੁਣ, ਰੌਦ੍ਰ, ਬੀਰ, ਭਿਆਨਕ, ਵਿਭੱਤਸ, ਅਦਭੁਤ ਤੇ ਵਾਤਸਲ ਰਸ ਅਖਵਾਂਦੇ ਹਨ। ਈਸ਼ਵਰ ਭਗਤੀ ਨੂੰ ਵੀ ਕੁਝ ਨਵੀਨ ਲੇਖਕਾਂ ਨੇ ਵੱਖਰਾ ਸਥਾਈ ਭਾਵ ਆਖਿਆ ਹੈ। ਪੁਰਾਣੇ ਵਿਦਵਾਨਾਂ ਨੇ ਰੱਬੀ ਭਗਤੀ ਨੂੰ ਪ੍ਰੇਮ ਯਾ ਰਤੀ ਭਾਵ ਦੇ ਅੰਦਰ ਮੰਨਿਆ ਹੈ।

ਭਗਤਾਂ ਨੇ ਆਪਣੇ ਆਪ ਨੂੰ ਸੁਹਾਗਣਿ ਇਸਤ੍ਰੀ ਤੇ ਪਰਮਾਤਮਾ ਨੂੰ ਪਤੀ ਦੇ ਰੂਪ ਵਿਚ ਸਵੀਕਾਰ ਕੀਤਾ ਹੈ, ਕਿਉਂਕਿ ਪਤਨੀ ਹੀ ਆਪਣੇ ਪਤੀ ਨੂੰ ਤਨ, ਮਨ, ਧਨ, ਅਰਪਨ ਕਰਦੀ ਹੈ, ਇਸ ਸਮਰਪਨ ਬਾਅਦ ਪਿਛੇ ਕੁਛ ਨਹੀਂ ਰਹਿ ਜਾਂਦਾ ਹੈ। ਇਸ ਲਈ ਭਗਤਾਂ ਨੇ ਪ੍ਰਭੂ ਨੂੰ ਪਤੀ ਤੇ ਆਪਣੇ ਆਪ ਨੂੰ ਨਾਰਿ ਆਖਿਆ ਹੈ।

ਧੰਨੁ ਸੁਹਾਗਣਿ ਜੋ ਪ੍ਰਭੂ ਪਛਾਨੈ
ਮਾਨੈ ਹੁਕਮ ਤਜੇ ਅਭਿਮਾਨੈ।

ਪਤੀ ਦੇ ਅਤਿ ਨੇੜੇ ਰਹਿਣ ਲਈ ਇਸਤ੍ਰੀ ਨੂੰ ਆਦਰਸ਼ਕ, ਆਚਾਰਵੰਤੀ, ਆਗਿਆ-ਕਾਰੀ ਬਣਨਾ ਪੈਂਦਾ ਹੈ। ਉਹ 16 ਸ਼ਿੰਗਾਰ ਕਰਕੇ ਆਪਣੇ ਪਤੀ ਨੂੰ ਰੀਝਾਂਦੀ ਹੈ। ਕਈਆਂ ਭਗਤਾਂ ਨੇ ਭਗਤੀ ਦਾ ਇਹੋ ਰੂਪ ਅਪਨਾਇਆ ਹੈ। ਇਸ ਤਰ੍ਹਾਂ ਸ਼ਿੰਗਾਰ ਰਸ ਤੇ ਭਗਤੀ ਦਾ ਪਰਸਪਰ ਮੇਲ ਹੋ ਜਾਂਦਾ ਹੈ।

ਭਰਤਮੁਨੀ ਨੇ ਹਾਸ-ਰਸ ਦੀ ਉਤਪਤੀ ਸ਼ਿੰਗਾਰ ਤੋਂ ਮੰਨੀ ਹੈ। ਇਸ ਲਈ ਜਿਥੇ ਸ਼ਿੰਗਾਰ ਹੈ, ਉਥੇ ਰਾਜ ਯਾ ਖੁਸ਼ੀ ਦਾ ਹੋਣਾ ਸੰਭਵ ਹੀ ਹੈ।

ਕਰੁਣ ਰਸ ਤੇ ਭਗਤੀ ਦਾ ਸੰਬੰਧ ਵੀ ਅਟੁੱਟ ਹੈ। ਭਗਤਾਂ ਨੇ ਪਰਮਾਤਮਾ ਨੂੰ ਕਰੁਣਾ-

ਪਤੀ ਕਿਹਾ ਹੈ । 'ਸਰਣ ਬੰਦਨ ਕਰਣਾ ਪਤੇ । ਭਵ ਹਰਨ ਹਰਿ ਹਰਿ ਹਰੇ ।' ਕਹਿਣ ਦੀ ਲੋੜ ਨਹੀਂ ਕਿ ਕਰੁਣ ਦਾ ਅਧਿਆਤਮਿਕ ਗ਼ਮ ਹੀ ਭਗਤੀ ਦੇ ਰੂਪ ਵਿਚ ਪ੍ਰਗਟ ਹੋਇਆ, ਜੋ ਵਡਿਆਈ ਪਾ ਕੇ ਵੱਖਰਾ ਰਸ ਬਣ ਗਿਆ

ਸੰਸਾਰੀ ਚੀਜ਼ਾਂ ਤੋਂ ਉਪਰਾਮ ਹੋ ਕੇ ਭਗਤਾਂ ਦੇ ਮਨ ਵਿਚ ਤੱਤ-ਗਿਆਨ, ਵੈਰਾਗ ਤੇ ਅਨੋਖੀ ਸ਼ਾਂਤੀ ਪੈਦਾ ਹੁੰਦੀ ਹੈ । ਇਹੋ ਸ਼ਾਂਤੀ ਸ਼ਾਂਤ-ਰਸ ਬਣ ਜਾਂਦੀ ਹੈ । 'ਗੁਰਮਤਿ ਨਗਰੀ ਖੋਜ ਖੋਜਾਈ । ਹਰਿ ਹਰਿ ਨਾਮੁ ਪਦਾਰਥੁ ਪਾਈ । ਮੇਰੇ ਮਨ ਹਰਿ ਹਰਿ ਸ਼ਾਂਤਿ ਵਸਾਈ ।'

ਭਗਤੀ ਦਾ ਸੰਬੰਧ ਅਦਭੁਤ ਰਸ ਨਾਲ ਵੀ ਹੈ । ਇਸ ਨਾਲ ਦਾਰਸ਼ਨਿਕ ਤੇ ਵਿਗਿਆਨਕ ਭਾਵਾਂ ਨਾਲ ਪ੍ਰਵਿਰਤੀ ਹੁੰਦੀ ਹੈ । ਇਹ ਠੀਕ ਹੈ ਕਿ ਦਾਰਸ਼ਨਿਕ ਭਾਵਾਂ ਦਾ ਪਰਗਟਾਉ ਅਤਿ ਅਸਚਰਜ ਹੁੰਦਾ ਹੈ । ਉਸ ਨਾਲ ਬੁੱਧੀ ਨੂੰ ਪ੍ਰੇਰਣਾ ਮਿਲਦੀ ਹੈ, ਤੇ ਪਰਮੇਸ਼ਰ ਸੰਬੰਧੀ ਗੂੜ੍ਹ ਤੱਤਾਂ ਦੇ ਪ੍ਰਗਟ ਹੋਣ ਦੀ ਭਾਵਨਾ ਜਨਮ ਲੈਂਦੀ ਹੈ । 'ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ, ਤਾਰਿਕਾ ਮੰਡਲ ਜਨਕ ਮੋਤੀ ।'

ਸ੍ਰਿਸ਼ਟੀ ਦਾ ਵਿਰਾਟ ਰੂਪ ਜਿਸ ਦੀ ਆਰਤੀ ਕਰ ਰਿਹਾ ਹੈ, ਉਹ ਪਰਮਾਤਮਾ ਤੋਂ ਸਿਵਾ ਹੋਰ ਕੌਣ ਹੋ ਸਕਦਾ ਹੈ । ਵਿਸਮਾਦੀ ਬ੍ਰਹਿਮੰਡ ਨੂੰ ਦੇਖ ਕੇ ਗਿਆਨੀ ਤੇ ਸਤ ਪੁਰਸ਼ ਦੇ ਹਿਰਦੇ ਵਿਚ ਰੱਬ ਲਈ ਸ਼ਰਧਾ ਪੈਦਾ ਹੁੰਦੀ ਹੈ ।

ਉਂਜ ਤਾਂ ਪਰਮੇਸ਼ਰ ਦੇ ਅਨੇਕਾਂ ਨਾਮ ਹਨ, ਅਨੇਕਾਂ ਰੂਪ ਮੰਨੇ ਗਏ ਹਨ । ਪਰ ਮੁੱਖ ਤਿੰਨ ਰੂਪ ਹਨ, ਬ੍ਰਹਮਾ, ਵਿਸ਼ਨੂੰ, ਸ਼ਿਵਜੀ, ਜਿਨ੍ਹਾਂ ਨੂੰ ਕਰਤਾ, ਪਾਲਣਹਾਰ, ਸੰਘਾਰਨਹਾਰ ਕਹਿੰਦੇ ਹਨ । ਆਦਰਸ਼ਕ ਬੀਰ ਪੁਰਸ਼ ਚੰਡੀ ਜਾਂ ਸ਼ਿਵ ਦੇ ਉਪਾਸ਼ਕ ਹੁੰਦੇ ਹਨ । ਦਸ਼ਮੇਸ਼ ਜੀ ਨੇ ਸੰਸਾਰ ਨੂੰ ਭਗਤੀ ਤੇ ਸ਼ਕਤੀ ਦਾ ਅਦੁੱਤੀ ਮੇਲ ਕਰਕੇ ਦਿਖਾਇਆ ਹੈ ।

ਅਤਿਆਚਾਰੀ, ਦੁਸ਼ਮਣ ਤੇ ਧਰਮ-ਵਿਰੋਧੀ ਪੁਰਸ਼ ਨੂੰ ਦੇਖ ਕੇ ਕਿਸੇ ਦੇ ਦਿਲ ਵਿਚ ਉਸ ਨੂੰ ਨਾਸ਼ ਕਰਨ ਲਈ ਜੋ ਭਾਵਨਾ ਜਾਗਦੀ ਹੈ, ਉਸ ਨੂੰ ਬੀਰ ਰਸ ਕਿਹਾ ਜਾਂਦਾ ਹੈ । ਸਾਡੇ ਪੂਜਨੀਕ ਗੁਰੂਆਂ ਨੇ ਭਗਤੀ ਨਾਲ ਕਾਇਰ ਬਣਨ ਲਈ ਨਹੀਂ ਆਖਿਆ ਸਗੋਂ ਸਾਨੂੰ ਉਪਦੇਸ਼ ਦਿਤਾ ਹੈ ਕਿ ਦੁਸ਼ਟਾਂ ਦੇ ਨਾਸ਼ ਲਈ ਜਾਨ ਦੀ ਬਾਜ਼ੀ ਲਾ ਕੇ ਲੜਿਆ ਜਾਵੇ ।

ਸੂਰਾ ਸੋ ਪਹਿਚਾਨੀਏ ਜੋ ਲਰੇ ਦੀਨ ਕੇ ਹੇਤੁ ।
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ।

ਖੁਦ ਭਗਵਾਨ ਕ੍ਰਿਸ਼ਨ ਜੀ ਨੇ ਆਖਿਆ ਹੈ ਕਿ

यदा यदा हि धर्मस्य ग्लानि र्भवति भारत ।
अभ्यूत्थानमधर्मस्य तदा मानं सृजाम्यहम् ॥

ਬੀਰ ਰਸ ਨਾਲ ਰੌਦ੍ਰ ਰਸ ਦਾ ਹੋਣਾ ਸੁਭਾਵਿਕ ਹੈ । ਇਸ ਦੇ ਨਾਲ ਹੀ ਜੋ ਵੈਰੀ ਦੇ ਭੈ ਭੀਤ ਦਾ ਬਿਆਨ ਅਤੇ ਜੰਗ ਵਿਚ ਸਿਰਾਂ ਦੇ ਢੇਰ ਲਗ ਜਾਣ ਦਾ ਵਰਣਨ ਹੁੰਦਾ ਹੈ ਤਾਂ ਭਿਆਨਕ ਅਤੇ ਵੀਭੱਤਸ ਰਸ ਦੀ ਉਤਪਤੀ ਹੁੰਦੀ ਹੈ । ਸਾਡੇ ਧਰਮ ਗ੍ਰੰਥਾਂ ਵਿਚ

ਮਹਾਨ ਸੰਤਾਂ ਨੇ ਇਨ੍ਹਾਂ ਰਸਾਂ ਦਾ ਪ੍ਰਗਟਾਵਾ ਹਰ ਤਰ੍ਹਾਂ ਕੀਤਾ ਹੈ। ਮਨੁੱਖ ਨੂੰ ਬੁਰੇ ਕੰਮ ਕਰਨ ਸਮੇਂ ਈਸ਼ਵਰ ਤੋਂ ਡਰਨ ਦਾ ਉਪਦੇਸ਼ ਦਿੱਤਾ ਜਾਂਦਾ ਹੈ। ਮਨੁੱਖ ਦੇ ਸਰੀਰ ਨੂੰ ਗਿਆਨੀ ਲੋਕਾਂ ਹੱਡ ਮਾਸ ਦਾ ਪੁਤਲਾ ਦੱਸਿਆ ਹੈ। ਇਸ ਕਰਕੇ ਸਿੱਧੇ ਤੌਰ ਤੇ ਭਿਆਨਕ ਤੇ ਵੀਭੱਤਸ ਦਾ ਵਰਨਣ ਮਿਲਦਾ ਹੈ। ਧਿਆਨ ਨਾਲ ਦੇਖਿਆ ਜਾਵੇ ਤਾਂ ਕੁਰਬਾਨੀ ਰਾਹੀਂ ਕਿਸੇ ਰੂਪ ਵਿਚ ਇਹ ਰਸ ਮਿਲ ਹੀ ਜਾਂਦਾ ਹੈ।

ਸਾਰੇ ਗੁਰੂ ਗ੍ਰੰਥ ਸਾਹਿਬ ਨੂੰ 31 ਰਾਗਾਂ ਵਿਚ ਸੰਪਾਦਿਆ ਗਿਆ ਹੈ। ਪਹਿਲਾ ਸਿਰੀ ਰਾਗੁ ਹੈ। ਇਹ ਮਹਾਨ ਗ੍ਰੰਥ '੧ਓ ਸਤਿਨਾਮੁ ਕਰਤਾ ਪੁਰਖ' ਤੋਂ ਆਰੰਭ ਹੁੰਦਾ ਹੈ। ਸਿਰੀ ਰਾਗੁ ਮੁੱਢ ਵਿਚ ਕਿਉਂ ਲਿਖਿਆ ਗਿਆ, ਇਸ ਤੇ ਵਿਚਾਰ ਕਰਨ ਨਾਲ ਕਈ ਭੇਦਾਂ ਦਾ ਪਤਾ ਲਗਦਾ ਹੈ। ਆਰੰਭ ਵਿਚ ਬ੍ਰਹਮ ਨੂੰ ਇਕ ਮੰਨਿਆ ਗਿਆ ਹੈ। ਇਸ ਲਈ ੧ਓ ਦੇ ਨਾਲ ਇਕ ਹੀ ਅੱਖਰ ਵਾਲੇ ਰਾਗੁ ਸਿਰੀ ਨੂੰ ਮੁੱਢ ਵਿਚ ਲਿਆ ਗਿਆ ਹੈ। ਕਿਸੇ ਮਹਾਨ ਤੇ ਸ਼ੁੱਭ ਕਾਰਜ ਨੂੰ ਆਰੰਭ ਕਰਨ ਵੇਲੇ ਉਸ ਦਾ 'ਸ੍ਰੀ ਗਣੇਸ਼' ਕਿਹਾ ਜਾਂਦਾ ਹੈ। ਇਹ ਸ਼ਬਦ ਸਭ ਤੋਂ ਪਹਿਲਾਂ ਆਉਂਦਾ ਹੈ ਇਸ ਲਈ ਗੁਰਬਾਣੀ ਦੇ ਆਰੰਭ ਵਿਚ ਸਿਰੀ ਰਾਗ ਦੀ ਵਰਤੋਂ ਕਰਨ ਦਾ ਇਹੋ ਭੇਦ ਹੈ।

'ਰਾਗ ਚੰਦ੍ਰਿਕਾ' ਵਿਚ ਸਿਰੀ ਰਾਗ ਦੇ ਸਮੇਂ ਬਾਰੇ ਲਿਖਿਆ ਹੈ ਕਿ ਬੁੱਧੀਮਾਨ ਲੋਕ ਸਿਰੀ ਰਾਗ ਨੂੰ ਸ਼ਾਮ ਦੇ ਵਕਤ ਗਾਉਂਦੇ ਹਨ। ਗੁਰਬਾਣੀ ਦੇ ਆਰੰਭ ਵਿਚ ਸ਼ਾਮ ਨੂੰ ਗਾਇਆ ਜਾਣ ਵਾਲਾ ਰਾਗ ਹੀ ਲਿਖਿਆ ਕਿਉਂ ਗਿਆ ਹੈ? ਇਸ ਸਵਾਲ ਉਤੇ ਵਿਚਾਰ ਕਰਨ ਤੋਂ ਪਤਾ ਲਗਦਾ ਹੈ ਕਿ ਸ਼ਾਮਾਂ ਵੇਲੇ ਕੁਝ ਕੁਝ ਧੁੰਧਲਾਪਨ ਹੁੰਦਾ ਹੈ। ਭਗਤੀ ਦੇ ਆਰੰਭ ਵਿਚ ਮਨੁੱਖ ਗਿਆਨ ਦੇ ਧੁੰਧਲੇਪਨ ਵਿਚ ਚਲਦਾ ਹੈ ਅਤੇ ਭਗਤੀ ਪਰਪੱਕ ਹੋਣ ਤੇ ਹੀ ਇਹ ਜੋਤ ਪੂਰੀ ਤਰ੍ਹਾਂ ਜਗਮਗਾਂਦੀ ਹੈ। ਮਹਾਨ ਪੁਰਸ਼ ਜੋ ਇਸ ਧਰਤੀ ਉਤੇ ਜਨਮ ਲੈਂਦੇ ਹਨ ਤਾਂ ਉਨ੍ਹਾਂ ਵਿਚ ਗਿਆਨ ਰੂਪੀ ਜੋਤਿ ਮੁੱਢ ਤੋਂ ਹੀ ਹੁੰਦੀ ਹੈ। ਪਰੰਤੂ ਉਹ ਉਸ ਨੂੰ ਪ੍ਰਗਟ ਨਹੀਂ ਕਰਦੇ ਤੇ ਉਹ ਆਮ ਲੋਕਾਂ ਵਾਂਗ ਸਾਰੇ ਕੰਮ ਕਰਦੇ ਹੋਏ ਧਰਮ ਮਾਰਗ ਦੀ ਅਗਵਾਈ ਕਰਦੇ ਹਨ। ਇਸ ਲਈ ਸਿਰੀ ਰਾਗ ਦੇ ਸਮੇਂ ਦਾ ਧੁੰਧਲਾਪਨ ਭਗਤੀ ਦੀ ਪਰਾਰੰਭਕ ਦਸ਼ਾ ਅਰਥਾਤ ਧੁੰਧਲਾਪਨ ਦਾ ਪ੍ਰਤੀਕ ਹੈ।

(ਚਲਦਾ)

# ਗੁਰੂ ਕਾਵਿ ਵਿਚ ਅਨੁਭਵ ਅਤੇ ਸੰਗੀਤ ਦਾ ਸੰਬੰਧ

ਡਾ. ਜਾਗੀਰ ਸਿੰਘ

(ਪਿਛਲੇ ਅੰਕ ਤੋਂ ਅੱਗੇ)

ਰਾਗ ਸੋਰਠਿ :

ਸੋਰਠਿ ਰਾਗ ਦੀ ਬਾਨੀ ਵਿਚ ਪਰਮਾਤਮਾ ਦੇ ਗੁਣ ਗਾਉਣ ਦੀ ਚਰਚਾ ਵਧੇਰੇ ਹੋਈ ਹੈ :

(ੳ) ਸਹਜੇ ਮਾਤਾ ਸਦਾ ਰੰਗਿ ਰਾਤਾ ਸਾਚੇ ਕੇ ਗੁਣ ਗਾਵੇ ।[1]

(ਅ) ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲੁ ।[2]

(ੲ) ਹਮ ਢਾਢੀ ਹਰਿ ਪ੍ਰਭ ਖਸਮ ਕੇ ਨਿਤ ਗਾਵਹ ਹਰਿ ਗੁਣ ਛੰਤਾ ।
ਹਰਿ ਕੀਰਤਨੁ ਕਰਹ ਹਰਿ ਜਸੁ ਸੁਣਹੁ ਤਿਸੁ ਕਵਲਾ ਕੰਤਾ ।[3]

ਗੁਰੂ ਅਰਜਨ ਦੇਵ ਜੀ ਨੇ ਇਸ ਰਾਗ ਵਿਚ ਰਚੇ ਇਕ ਪਦੇ ਵਿਚ ਦੱਸਿਆ ਹੈ ਕਿ ਕੀਰਤਨ ਸਾਰੇ ਕਰਮਕਾਂਡਾਂ ਤੋਂ ਉੱਚਾ ਸਥਾਨ ਰੱਖਦਾ ਹੈ । ਕਰਮਕਾਂਡਾਂ ਬਾਰੇ ਆਪ ਦੱਸਦੇ ਹਨ :

ਪਿਆਰੇ ਇਨ ਬਿਧ ਮਿਲਣ ਨ ਜਾਈ ਮੈ ਕੀਏ ਕਰਮ ਅਨੇਕਾ

ਇਸੇ ਸ਼ਬਦ ਦੇ ਅੰਤ ਵਿਚ ਕੀਰਤਨ ਦੀ ਮਹਿਮਾ ਕੀਤੀ ਗਈ ਹੈ :—

ਤੇਰੋ ਸੇਵਕੁ ਇਹ ਰੰਗਿ ਮਾਤਾ ।
ਭਇਓ ਕ੍ਰਿਪਾਲ ਦੀਨ ਦੁਖ ਭੰਜਨ ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ।[4]

ਗੁਰੂ ਤੇਗ ਬਹਾਦਰ ਜੀ ਦੀ ਬਹੁਤੀ ਬਾਣੀ ਭਾਵੇਂ ਸ਼ਾਂਤ ਭਾਵਾਂ ਨਾਲ ਭਰਪੂਰ ਹੈ, ਪਰ ਇਥੇ ਉਹਨਾਂ ਨੇ ਵੀ ਪ੍ਰਭੂ ਗੁਣ ਗਾਉਣ ਦੀ ਪ੍ਰੇਰਨਾ ਦਿੱਤੀ ਹੈ :

ਰੇ ਮਨ ਰਾਮ ਸਿਉ ਕਰ ਪ੍ਰੀਤ ।
ਸ੍ਰਵਨ ਗੋਬਿੰਦ ਗੁਨ ਸੁਨਉ ਅਰੁ ਗਾਉ ਰਸਨਾ ਗੀਤਿ ।[5]

ਸੋਰਠਿ ਰਾਗ ਵਿਚ ਰਿਸ਼ਭ ਅਤੇ ਧੈਵਤ ਦਾ ਸ਼ੁੱਧ ਰੂਪ ਵਿਚ ਪ੍ਰਯੋਗ ਹੁੰਦਾ ਹੈ । ਸੁਰ ਪ੍ਰਬੰਧ ਦੇ ਪੱਖੋਂ ਇਹ ਸ਼ਿੰਗਾਰਕ ਭਾਵਾਂ ਨੂੰ ਪ੍ਰਗਟਾਉਣ ਵਾਲਾ ਰਾਗ ਹੈ । ਪਰ ਗੁਰੂ ਕਵੀਆਂ ਨੇ ਇਸ ਰਾਗ ਰਾਹੀਂ ਜਿਹੜੇ ਭਾਵ ਪ੍ਰਗਟ ਕੀਤੇ ਹਨ ਉਹਨਾਂ ਵਿਚ ਸ਼ਿੰਗਾਰਕ ਭਾਵਾਂ ਦੀ ਘਾਟ ਹੈ । ਇਕ ਦੋ ਥਾਵਾਂ ਤੇ ਸ਼ਿੰਗਾਰਕ ਭਾਵ ਮਿਲਦੇ ਹਨ[7] ਪਰ ਬਹੁਤੀ ਬਾਣੀ ਵਿਚ ਗੁਰੂ ਕਵੀਆਂ ਨੇ ਇਸ ਰਾਗ ਦਾ ਆਪਣੇ ਵਿਸ਼ੇਸ਼ ਭਾਵ ਪ੍ਰਗਟ ਕਰਨ ਲਈ ਪ੍ਰਯੋਗ ਕੀਤਾ ਹੈ ਕਿਉਂਕਿ ਗੁਰੂ ਸਾਹਿਬਾਨ ਨੇ ਰਾਗਾਂ ਦਾ ਪ੍ਰਯੋਗ ਉਹਨਾਂ ਦੀ ਪਰੰਪਰਾਗਤ ਰੂੜ੍ਹੀ ਵਿਚੋਂ ਕੱਢ ਕੇ ਕੀਤਾ ਹੈ । ਉਹਨਾਂ ਦਸਿਆ ਹੈ

ਕਿ ਸੋਰਠਿ ਰਾਗ ਰਾਹੀਂ ਸ਼ਿੰਗਾਰਕ ਭਾਵਾਂ ਤੋਂ ਬਿਨ੍ਹਾਂ ਵੀ ਭਾਵ ਪ੍ਰਗਟ ਕੀਤੇ ਜਾ ਸਕਦੇ ਹਨ :

ਸੋਰਠਿ ਸਦਾ ਸੋਹਾਵਣੀ ਜੇ ਸਾਚਾ ਮਨਿ ਹੋਇ ।
ਦੰਦੀ ਮੈਲ ਨ ਕਤੁ ਮਨਿ ਜੀਭੈ ਸਚਾ ਸੋਇ ।[8]
ਸੋਰਠਿ ਤਾਮਿ ਸੁਹਾਵਣੀ ਜਾ ਹਰਿ ਨਾਮੁ ਢੰਢੋਲੇ ।[9]
ਸੋਰਠਿ ਸੋ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ ।[10]

ਇਸ ਰਾਗ ਦੀ ਬਾਣੀ ਵਿਚ ਜਿੱਥੇ ਹਰੀ ਗੁਣ ਗਾਉਣ ਦੀ ਪ੍ਰੇਰਨਾ ਦਿੱਤੀ ਗਈ ਹੈ ਉਥੇ ਇਸ ਵਿਚ ਹਨੇਰੇ ਅਤੇ ਪ੍ਰਕਾਸ਼ ਦੇ ਪ੍ਰਤੀਕਾਂ ਨੂੰ ਵੀ ਵਿਸ਼ੇਸ਼ ਰੂਪ ਵਿਚ ਪ੍ਰਯੋਗ ਕੀਤਾ ਹੈ :—

ਗੁਰ ਸਾਖੀ ਕਾ ਉਜੀਆਰਾ । ਤਾ ਮਿਟਿਆ ਸਗਲ ਅੰਧਾਰਾ ।[11]
ਹਮ ਮੂੜ ਮੁਗਧ ਸਦਾ ਸੇ ਭਾਈ ਗੁਰ ਕੇ ਸਬਦਿ ਪ੍ਰਗਾਸਾ ।[12]
ਪੂਰੇ ਗੁਰ ਮੇਟਿਓ ਭਰਮ ਅੰਧੇਰਾ ।[13]

ਹਨੇਰੇ ਅਤੇ ਪ੍ਰਕਾਸ਼ ਦੇ ਇਹਨਾਂ ਪ੍ਰਤੀਕਾਂ ਰਾਹੀਂ ਭਾਵ ਪ੍ਰਗਟਾਵਾ ਸੋਰਠਿ ਰਾਗ ਦੇ ਸਮੇਂ ਦੇ ਅਨੁਕੂਲ ਹੈ । ਇਹ ਰਾਗ ਰਾਤ ਨੂੰ ਗਾਇਆ ਜਾਂਦਾ ਹੈ ।[14] ਇਸ ਲਈ ਇਸ ਰਾਗ ਰਾਹੀਂ ਅਜਿਹਾ ਵਾਤਾਵਰਣ ਪੈਦਾ ਕਰਨਾ ਢੁੱਕਵਾਂ ਪ੍ਰਤੀਤ ਹੁੰਦਾ ਹੈ ।

ਪਰ ਸਮੁੱਚੇ ਰੂਪ ਵਿਚ ਗੁਰੂ ਕਵੀਆਂ ਨੇ ਇਸ ਰਾਗ ਦੀ ਬਾਣੀ ਦੇ ਭਾਵਾ ਦਾ ਅਤੇ ਰਾਗ ਸੋਰਠਿ ਦੇ ਭਾਵਾਂ ਦਾ ਸੰਜੋਗ ਪਰੰਪਰਾ ਤੋਂ ਹਟ ਕੇ ਵਿਲੱਖਣ ਰੂਪ ਵਿਚ ਕੀਤਾ ਹੈ । ਇੰਜ ਉਹ ਕਾਵਿ ਅਤੇ ਰਾਗ ਦੇ ਸੰਜੋਗ ਦੀਆਂ ਵਿਲੱਖਣ ਲੀਹਾਂ ਪਾਉਂਦੇ ਨਜ਼ਰ ਆਉਂਦੇ ਹਨ ।

**ਰਾਗ ਧਨਾਸਰੀ :**—ਧਨਾਸਰੀ ਰਾਗ ਦੀ ਬਾਣੀ ਵਿਚ ਕੋਈ ਇਕ ਭਾਵ ਦਰਜ ਨਹੀਂ ਹੋਇਆ । ਇਸ ਬਾਣੀ ਵਿਚ ਆਰਤੀ ਦੇ ਸ਼ਬਦਾਂ ਦਾ ਵਿਸ਼ੇਸ ਸਥਾਨ ਹੈ । ਗੁਰੂ ਨਾਨਕ ਦੀ ਪ੍ਰਸਿੱਧ ਰਚਨਾ 'ਗਗਨ ਮੈ ਥਾਲ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ' ।[15] ਇਸੇ ਰਾਗ ਵਿਚ ਦਰਜ ਹੈ । ਡਾ. ਤਾਰਨ ਸਿੰਘ ਦੱਸਦੇ ਹਨ, 'ਇਸ ਰਾਗ ਦੀ ਆਤਮਾਂ ਵਿਚ ਆਰਤੀ ਸਮਾਈ ਹੋਈ ਹੈ ।'[16] ਪਰਮਾਤਮਾ ਦੀ ਆਰਤੀ ਉਚਾਰਨ ਸਮੇਂ ਕੁਦਰਤੀ ਹੈ ਕਿ ਉਸ ਦੀ ਮਹਾਨਤਾ ਦਾ ਗਾਇਨ ਕੀਤਾ ਜਾਵੇਗਾ । ਇਸ ਲਈ ਪਰਮਾਤਮਾ ਦੇ ਅਨੁਰੂਪ ਵੱਖ ਵੱਖ ਭਾਵਾਂ ਦਾ ਪ੍ਰਗਟਾਵਾ ਹੋਵੇਗਾ । ਇਸ ਰਾਗ ਦੀ ਬਾਣੀ ਵਿਚ ਇਹ ਭਾਵ ਸਪੱਸ਼ਟ ਰੂਪ ਦਰਜ ਹੋਏ ਹਨ ।

ਪਰਮਾਤਮਾ ਨੂੰ ਮਿਲਣ ਦੀ ਤਾਂਘ ਅਤੇ ਵਿਯੋਗ ਦੀ ਕਸਕ ਨੂੰ ਇੰਜ ਬਿਆਨ ਕੀਤਾ ਹੈ :—

ਪਿਰ ਸੰਗਿ ਮੂਠੜੀਏ ਖਬਰ ਨਾ ਪਾਈਆ ਜੀਉ ।
ਮਸਤਕਿ ਲਿਖਿਅੜਾ ਲੇਖ ਪੁਰਬਿ ਕਮਾਇਆ ਜੀਉ ।
ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ ।[17]

ਇਹਨਾਂ ਭਾਵਾਂ ਨੂੰ ਪ੍ਰਗਟ ਕਰਨ ਲਈ ਧਨਾਸਰੀ ਰਾਗ ਦੀ ਚੋਣ ਢੁੱਕਵੀਂ ਹੈ। ਧਨਾਸਰੀ ਰਾਗ ਵਿਚ ਪੰਚਮ ਸੁਰ ਸਥਾਈ ਹੈ ਇਸ ਲਈ ਇਸ ਰਾਗ ਵਿਚ ਵਿਜੋਗ ਸ਼ਿੰਗਾਰ ਦੇ ਭਾਵਾਂ ਦੀ ਅਭਿਵਿਅਕਤੀ ਹੁੰਦੀ ਹੈ।[18] ਧਨਾਸਰੀ ਰਾਗ ਦੀ ਬਾਣੀ ਵਿਚ ਜਿਹੜੇ ਵੀ ਭਾਵਾਂ ਦਾ ਪ੍ਰਗਟਾਵਾ ਹੋਇਆ, ਉਹਨਾਂ ਸਾਰਿਆਂ ਲਈ ਇਹ ਰਾਗ ਬੜਾ ਅਨੁਕੂਲ ਹੈ।

ਗੁਰੂ ਕਵੀਆਂ ਨੇ ਪਾਖੰਡ ਦਾ ਵਰਨਣ ਕਰਕੇ ਉਸ ਨੂੰ ਦੂਰ ਕਰਨ ਲਈ ਯਤਨਸ਼ੀਲ ਹੋਣ ਦੀ ਪ੍ਰੇਰਣਾ ਦਿੱਤੀ ਹੈ। ਇਸ ਨਾਲ ਉਤਸ਼ਾਹ ਦਾ ਭਾਵ ਜਾਗਦਾ ਹੈ :

ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ।
ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ।

...............

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ।[19]

ਗੁਰੂ ਅਰਜਨ ਦੇਵ ਜੀ 'ਸੂਰੇ' ਦੀ ਪਰਿਭਾਸ਼ਾ ਦਿੰਦੇ ਹਨ :

ਜਾ ਕਉ ਹਰਿ ਰੰਗਿ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ।[20]

ਧਨਾਸਰੀ ਰਾਗ ਵਿਚ ਕੋਮਲ ਗੰਧਾਰ ਅਤੇ ਕੋਮਲ ਨਿਸ਼ਾਦ ਪ੍ਰਯੋਗ ਕੀਤੇ ਜਾਂਦੇ ਹਨ। ਇਸ ਲਈ ਇਸ ਰਾਗ ਰਾਹੀਂ ਵੀਰ ਤੇ ਉਤਸ਼ਾਹ ਵਾਲੇ ਭਾਵਾਂ ਦਾ ਪ੍ਰਗਟਾਵਾ ਕਰਨਾ ਉਚਿਤ ਹੈ।

ਗੁਰੂ ਨਾਨਕ ਦੇਵ ਜੀ ਨੇ ਆਰਤੀ ਵਾਲੇ ਸ਼ਬਦ ਵਿਚ ਵਿਸਮਾਦ ਭਰਪੂਰ ਅਦਭੁਤ ਭਾਵ ਦਾ ਪ੍ਰਗਟਾਵਾ ਕੀਤਾ ਹੈ। ਭਰਤ ਨੇ ਆਪਣੇ ਨਾਟ ਸ਼ਾਸਤਰ ਵਿਚ ਦਸਿਆ ਹੈ ਕਿ ਉਤਸ਼ਾਹ ਜਾਂ ਵੀਰ ਰਸ ਦੇ ਭਾਵਾਂ ਤੋਂ ਅਦਭੁਤ ਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ।[21] ਇਸ ਤਰ੍ਹਾਂ ਧਨਾਸਰੀ ਰਾਗ ਵਿਚ ਗੁਰੂ ਕਵੀਆਂ ਨੇ ਜਿਹੜੀ ਕਾਵਿ ਰਚਨਾ ਕੀਤੀ ਹੈ, ਉਸ ਵਿਚ ਭਾਵ ਅਤੇ ਰਾਗਦਾ ਸਫਲ ਸੰਜੋਗ ਹੋਇਆ ਹੈ। (ਚਲਦਾ)

## ਫੁੱਟ ਨੋਟ ਤੇ ਹਵਾਲੇ

1. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 634
2. ਗੁਰੂ ਅਮਰਦਾਸ ਜੀ. ਆਦਿ ਗ੍ਰੰਥ, ਪੰਨਾ 600
3. ਗੁਰੂ ਰਾਮਦਾਸ ਜੀ. ਆਦਿ ਗ੍ਰੰਥ, ਪੰਨਾ 650
4. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 642
5. ਗੁਰੂ ਤੇਗ ਬਹਾਦਰ, ਆਦਿ ਗ੍ਰੰਥ, ਪੰਨਾ 631
6. ਭਾਤਖੰਡੇ, ਕ੍ਰਮਿਕ ਪੁਸਤਕ ਮਲਿਕਾ (ਪੰਚਵੀਂ ਪੁਸਤਕ) ਗਥਮਾ 1954 ਪੰਨਾ 37
7. ਸ਼ਬਦ ਰਤੀ ਹਉਮੈ ਗਈ ਸੋਭਾਵੰਤੀ ਨਾਰਿ।
   ਪਿਰ ਕੈ ਭਾਣੈ ਸਦਾ ਚਲੈ ਤਾ ਬਨਿਆ ਸੀਗਾਰੁ।
   ਸੇਜ ਸੁਹਾਵੀ ਸਦਾ ਪਿਰੁ ਰਾਵੈ ਹਰਿ ਵਰੁ ਪਾਇਆ ਨਾਰਿ।
   ਗੁਰੂ ਅਮਰਦਾਸ ਜੀ, ਆਦਿ ਗ੍ਰੰਥ, ਪੰਨਾ 651

8. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 642
9. ਗੁਰੂ ਰਾਮਦਾਸ ਜੀ, ਆਦਿ ਗ੍ਰੰਥ, ਪੰਨਾ 642
10. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 1425
11. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 599
12. ਗੁਰੂ ਅਮਰਦਾਸ ਜੀ, ਆਦਿ ਗ੍ਰੰਥ, ਪੰਨਾ 601
13. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 615
14. ਰਾਜਾ ਨਵਾਬ ਅਲੀ, ਮਾਰਿਫੁੰਨਗਮਾਤ, ਪੰਨਾ 149
15. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 663
16. ਡਾ. ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ ਪੰਨਾ 69
17. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 689
18. ਬ੍ਰਹਿਸਪਤੀ, ਭਰਤ ਕਾ ਸੰਗੀਤ ਸਿਧਾਂਤ, ਪੰਨਾ 271
19. ਗੁਰੂ ਨਾਨਕ ਦੇਵ ਜੀ. ਆਦਿ ਗ੍ਰੰਥ, ਪੰਨਾ 662-663
20. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 680
21. ਭਰਤ, ਨਾਟ ਸ਼ਾਸਤਰ, ਗਾਇਨਵਾੜ ਦੂਸਰਾ ਸੰਸਕਰਣ, ਅਧਿਆਇ 6, ਪੰਨਾ 297-98

ਹਵਾਲਾ ਭਰਤ ਦਾ ਸੰਗੀਤ ਸਿਧਾਂਤ ਪੰਨਾ 258

# ਆਸਾ ਦੀ ਵਾਰ ਦਾ ਲੜੀਵਾਰ ਵਿਚਾਰ

ਪ੍ਰੇਮ ਸਿੰਘ 'ਪ੍ਰੇਮ'

(ਪਿਛਲੇ ਅੰਕ ਤੋਂ ਅੱਗੇ)

ਸਲੋਕ ਮ: ੧ ।

ਦਇਆ ਕਪਾਹ ਸੰਤੋਖ ਸੂਤੁ ਜਤੁ ਗੰਢੀ ਸਤੁ ਵਟੁ ।
ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ ।
ਨਾ ਏਹੁ ਤੁਟੈ ਨ ਮਲੁ ਲਗੈ ਨ ਏਹੁ ਜਲੈ ਨ ਜਾਇ ।
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ।
ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ।
ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ।
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ।੧।

ਵਿਆਖਿਆ : —

ਇਹ ਸਲੋਕ ਜਨੇਊ ਪਰਥਾਇ ਹੈ – ਜਨਮ ਸਾਖੀ ਅਨੁਸਾਰ ਜਦ ਗੁਰੂ ਨਾਨਕ ਪਾਤਿਸ਼ਾਹਿ ਨੂੰ ਨੌਂ ਸਾਲ ਦੀ ਉਮਰ ਵਿਚ ਪੰਡਤ ਜੰਜੂ ਪਾਉਣ ਲੱਗੇ ਤਾਂ ਸਾਹਿਬ ਗੁਰੂ ਨਾਨਕ ਪਾਤਸ਼ਾਹ ਨੇ ਬ੍ਰਾਹਮਣ ਨੂੰ ਨਾਂਹ ਕਰ ਦਿੱਤੀ ਕਿ ਮੈਂ ਰਸਮੀ ਜੰਜੂ ਨਹੀਂ ਪਹਿਨਣਾ। ਉਸ ਪ੍ਰਥਾਇ ਇਸ ਉਪਰੋਕਤ ਸਲੋਕ ਦਾ ਉਚਾਰਨ ਕੀਤਾ ਹੈ। ਬ੍ਰਾਹਮਣ ਦੇ ਇਹ ਪੁਛਣ ਤੇ ਕਿ, ਤੂੰ ਕੈਸਾ ਜੰਜੂ ਪਹਿਨਣਾ ਚਾਹੁੰਦਾ ਹੈ ਤਾ ਗੁਰੂ ਸਾਹਿਬ ਨੇ ਕਿਹਾ ਕਿ ਜੇ ਦਇਆ (ਰੂਪੀ) ਕਪਾਹ ਹੋਵੇ ਉਸ ਤੋਂ ਸੰਤੋਖ (ਰੂਪ) ਸੂਤ ਬਣੇ ਤੇ ਸਤਿ ਦੇ ਸੂਤ ਨੂੰ ਵਟ ਦਿੱਤੇ ਜਾਣ ਤੇ ਜਤ ਦੀਆਂ ਗੰਢਾਂ (ਪਾਈਆਂ ਜਾਣ), ਅਜਿਹਾ ਹੈ ਮੇਰਾ ਜਨੇਊ ਜੋ ਸੂਤਰ ਦੇ ਜਨੇਊ, ਹਾਰ ਨਾ ਤਾਂ ਟੁੱਟਦਾ ਹੈ, ਨਾ ਮੈਲਾ ਹੁੰਦਾ ਹੈ, ਨਾ ਹੀ ਇਸ ਨੂੰ ਅੱਗ ਸਾੜ ਸਕਦੀ ਹੈ ਤੇ ਇਹ ਗਵਾਚ ਵੀ ਨਹੀਂ ਸਕਦਾ। ਸੋ ਨਾਨਕ ਪਾਤਿਸ਼ਾਹ ਨੇ ਸਮਾਜਿਕ ਵਿਤਕਰੇ ਪਾਉਣ ਵਾਲੇ ਜਨੇਊ ਨੂੰ ਪਹਿਨਣ ਤੋਂ ਇਨਕਾਰ ਕਰ ਦਿੱਤਾ। ਕਿਉਂਕਿ ਬ੍ਰਾਹਮਣ ਨੂੰ ਤਿੰਨ ਤਾਰ ਦਾ ਸੂਤ, ਖੱਤਰੀ ਨੂੰ ਦੋ ਤਾਰ ਦਾ, ਵੈਸ਼ ਨੂੰ ਇਕ ਤਾਰ ਦਾ ਤੇ ਸ਼ੂਦਰ ਨੂੰ ਜਨੇਊ ਪਾਉਣ ਦਾ ਹੱਕ ਹੀ ਨਹੀਂ ਸੀ। ਸੋ ਸਮਾਜਿਕ ਵਿਤਕਰਾ ਗੁਰੂ ਨਾਨਕ ਪਾਤਿਸ਼ਾਹ ਪ੍ਰਵਾਨ ਹੀ ਨਹੀਂ ਕਰਦੇ।

ਮ: ੨ । ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ।
ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ ।
ਤਗੁ ਕਪਾਹਹੁ ਕਤੀਐ ਬ੍ਰਾਮਣੁ ਵਟੇ ਆਇ ॥
ਕੁਹਿ ਬਕਰਾ ਰਿਨ ਖਾਇਆ ਸਭੁ ਕੋ ਆਖੈ ਪਾਇ ।

ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ।
ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ ।੨।

ਮ: ੧ । ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ।
ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ।। ੩ ।।

ਵਿਆਖਿਆ : -

ਜੰਜੂ ਦਾ ਭਾਵ ਧਾਰਮਕ ਜਨਮ (ਦ੍ਵਿਜ) ਹੋਣ ਨਾਲ ਪ੍ਰਤਿਸ਼ਠਾ (ਬਦਲੀ) ਹੋ ਜਾਂਦੀ ਹੈ ਪਰ ਅਸਲ ਵਿਚ ਇਜ ਹੁੰਦਾ ਨਹੀਂ ਹੈ, ਕਿਉਂਕਿ ਚੋਰੀ ਵਾਲਾ ਸੁਭਾ —ਠੱਗੀ ਤੇ ਪਹਿਨਾਮੀ ਤਾਂ ਬਣੀ ਰਹਿੰਦੀ ਹੈ । ਬ੍ਰਾਹਮਣ ਉਸ ਵਲੋਂ ਜਿਆਫਤ (ਮਾਸ ਦੀ ਪਾਰਟੀ) ਵੀ ਖਾਂਦਾ ਹੈ ਤੇ ਐਨੇ ਅਡੰਬਰ ਬਾਅਦ ਜਦ ਮੈਲਾਂ ਹੋ ਜਾਏ ਜਾਂ ਟੁੱਟ ਜਾਏ ਤਾਂ ਫਿਰ ਚੁੱਪ ਕਰਕੇ ਹੋਰ ਪਾ ਲਈਦਾ ਹੈ । ਇਹ ਸਭ ਦਖਾਂਵਾ ਤਾਂ ਫਿਰ ਗਲਤ ਹੀ ਹੋਇਆ । ਸੋ ਇਸ ਤੋਂ ਚੰਗਾਂ ਹੈ ਉਸ ਦੀ ਸਿਫਤ ਸਾਲਾਹ ਵਾਲਾ ਸੱਚਾ ਜਨੇਊ ਹੀ ਪਾ ਲੈਣਾ ਚਾਹੀਦਾ ਹੈ ਤੇ ਲੋਕ ਪ੍ਰਲੋਕ ਦੀ ਪਤਿ ਨਾਮ ਨਾਲ ਉਪਜਦੀ ਹੈ । ਇਸ ਲਈ ਨਾਮ ਦੀ ਸਿਫਤ ਸਲਾਹ ਵਾਲਾ ਅਟੁੱਟ ਜੰਜੂ ਹੀ ਪ੍ਰਾਪਤ ਕਰਨਾ ਚਾਹੀਦਾ ਹੈ, ਜੋ ਸਭ ਬੁਰਾਈਆਂ (ਲੱਖਾ ਪਹਿਨਾਮੀਆਂ) ਆਦਿਕ ਤੋਂ ਪਵਿੱਤਰ ਕਰਦਾ ਹੈ ਤੇ ਦਰਗਾਹ ਵਿਚ ਵੀ ਨਾਲ ਜਾਂਦਾ ਹੈ ।

ਮ: ੧ । ਤਗੁ ਨ ਇੰਦ੍ਰੀ ਤਗੁ ਨ ਨਾਰੀ । ਭਲਕੇ ਥੁਕ ਪਵੈ ਨਿਤ ਦਾੜੀ ।
ਤਗੁ ਨ ਪੈਰੀ ਤਗੁ ਨ ਹਥੀ । ਤਗੁ ਨ ਜਿਹਬਾ ਤਗੁ ਨ ਅਖੀ ।
ਵੇਤਗਾ ਆਪੇ ਵਤੈ । ਵਟਿ ਧਾਗੇ ਅਵਰਾ ਘਤੈ ।।
ਲੈ ਭਾੜਿ ਕਰੇ ਵੀਆਹੁ । ਕਢਿ ਕਾਗਲੁ ਦਸੇ ਰਾਹੁ ।
ਸੁਣਿ ਵੇਖਹੁ ਲੋਕਾ ਏਹੁ ਵਿਡਾਣ । ਮਨਿ ਅੰਧਾ ਨਾਉ ਸੁਜਾਣ ।

ਅੰਤ੍ਰੀਵ ਭਾਵ : -ਪਹਿਲੇ ਤ੍ਰੈ ਸਲੋਕਾਂ ਵਿਚ ਜਨੇਊ ਤੇ ਪਹਿਨਣਹਾਰ ਬਾਬਤ ਜ਼ਿਕਰ ਕਰਨ ਬਾਅਦ ਹੁਣ ਉਪਰਲੇ ਚੌਥੇ ਸਲੋਕ 'ਚ ਪਹਿਨਣਹਾਰ ਬਾਬਤ ਜ਼ਿਕਰ ਕਰਦੇ ਹਨ । (ਤਗੁ) ਤੋਂ ਮੁਰਾਦ ਰੋਕ ਹੈ । ਸਾਹਿਬ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ : ਹੇ ਬ੍ਰਾਹਮਣ ਤੂੰ ਕਾਮ ਵਿਕਾਰ ਇੰਦ੍ਰੀ ਨੂੰ ਰੋਕ ਨਹੀਂ ਪਾਈ ਤੇ ਨਾ ਹੀ ਆਪਣੀਆਂ ਖਾਹਸ਼ਾ ਦੀਆਂ ਨਾੜਾਂ ਨੂੰ ਜੰਞੂ ਪਹਿਰਾਇਆ ਹੈ । ਤੇਰੀ ਨਿਤਪ੍ਰਤੀ ਦੀ ਬੇ-ਨਿਯਮੀ ਤੇ ਰੋਜ਼ ਲਾਹਨਤ ਪੈਂਦੀ ਹੈ । ਪੈਰਾਂ ਤੇ ਹੱਥਾਂ ਨੂੰ ਵੀ (ਧਾਗੇ) ਰਾਹੀਂ ਰੋਕਿਆਂ ਹੈ । ਇਸ ਤਰ੍ਹਾਂ ਜਬਾਨ ਤੋਂ ਫਿੱਕੇ ਵਾਕ ਨਹੀਂ ਰੋਕੇ ਤੇ ਮੰਦੀ ਦ੍ਰਿਸ਼ਟੀ ਵੀ ਨਹੀਂਓਂ ਰੋਕ ਸਕਿਆ ਤੇ ਲੋਕਾਂ ਨੂੰ ਧਾਗੇ ਵਟ ਵਟ ਕੇ ਪਹਿਨਾਂ ਕੇ ਰੋਕ ਦਸਦਾ ਹੈ । ਆਪ ਤਾਂ ਵਿਆਹ ਕਰਾਉਣ ਦਾ ਵੀ ਮੁੱਲ ਲੈਂਦਾ ਹੈ ਤੇ ਪ੍ਰਤ੍ਰੀਆਂ ਫੋਲ ਕੇ ਲੋਕਾਂ ਨੂੰ ਲੁੱਟਣ ਦਾ ਵਸੀਲਾ ਕਰ ਰਿਹਾ ਹੈ । ਹੈਰਾਨਗੀ ਦੀ ਗੱਲ ਹੈ ਕਿ ਆਪ ਵਹਿਮਾਂ ਵਿਚ ਅੰਧਾ ਤੇ ਲਾਲਚੀ ਹੋ ਕੇ ਲੋਕਾਂ ਨੂੰ ਸਿੱਧੇ ਰਾਹ ਦੀ ਗੱਲ ਕਰਦਾ ਹੈ ! 'ਐ ਮੂਰਖਿ ਪੰਡਿਤਾ' ਜਿਵੇਂ ਮਲਾਰ ਦੀ ਵਾਰ ਵਿਚ ਗੁਰੂ ਅੰਗਦ ਦੇਵ ਜੀ ਨੇ ਵੀ ਕਿਹਾ 'ਮੂਰਖਿ ਪੰਡਿਤ ਨਾਉ । (ਮਲਾਰਵਾਰ ਮਾਹਲਾ 1)

ਪਉੜੀ : ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ ।
ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮ ਮਨਾਇਸੀ ।
ਹੁਕਮਿ ਮੰਨਿ ਹੋਵੈ ਪਰਵਾਣ ਤਾ ਖਸਮੈ ਕਾ ਮਹਲੁ ਪਾਇਸੀ ।
ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲ ਪਾਇਸੀ ।
ਦਰਗਾਹ ਪੈਧਾ ਜਾਇਸੀ ।੧੫।।

ਵਿਆਖਿਆ :

14ਵੀਂ ਪਉੜੀ ਵਿਚ ਫ਼ੁਰਮਾਣ ਹੈ ਕਿ ਪਾਪੀ ਨੰਗਾ ਨਰਕਾਂ ਵਿਚ ਧੱਕਿਆ ਜਾਂਦਾ ਹੈ ਤੇ ਉਪਰਲੇ ਸਲੋਕਾਂ ਵਿਚ ਵੀ ਸ਼ਰਮਿੰਦਗੀ ਵਾਲੇ ਕਰਮਾਂ ਵਿਚ ਲਗੇ ਰਹਿਣ ਦਾ ਜ਼ਿਕਰ ਕਰਨ ਬਾਅਦ ਇਸ ਪੰਦਰਵੀ ਪਉੜੀ ਵਿਚ ਦੱਸਿਆ ਹੈ ਕਿ ਕਿਵੇਂ ਜੀਵ ਇਥੋਂ ਸੁਰਖਰੂ ਹੋ ਕੇ ਜਾ ਸਕਦਾ ਹੈ ਤੇ ਅੱਗੇ ਦਰਗਾਹ ਵਿਚ ਇੱਜ਼ਤ ਨਾਲ ਮਿਲ ਸਕਦਾ ਹੈ । ਸੋ ਜਿਸ ਉੱਤੇ ਮਾਲਕ ਦਇਆਲ ਹੋਵੇ ਤਾਂ ਉਸ ਅਲਖੁ ਤੋਂ ਸੇਵਾ ਵਾਲੇ ਚੰਗੇ ਕੰਮ ਕਰਵਾਉਂਦਾ ਹੈ ਜੋ ਸਾਹਿਬ (ਵਾਹਗੁਰੂ) ਜੀ ਨੂੰ ਭਾਉਂਦੇ ਹਨ ਸੋ ਸੇਵਕ ਹੁਕਮ ਦੇ ਮੰਨਣ ਨਾਲ ਹੀ ਪ੍ਰਵਾਨ ਹੋਵੇਗਾ ਤੇ ਸਾਹਿਬ ਜੀ ਦੇ ਮਹਿਲ ਵਿਚ ਥਾਂ ਪਾਵੇਗਾ ਜਿਵੇਂ :

ਸੇਵਾ ਕਰਤ ਹੋਇ ਨਿਹਕਾਮੀ । ਤਿਸ ਕਉ ਹੋਤ ਪਰਾਪਤਿ ਸੁਆਮੀ ।।

(ਗਉੜੀ ਸੁਖਮਨੀ ਮ: ੫)

(ਚਲਦਾ)

# ਵਿਚਾਰਨ ਦੀ ਗੱਲ

—ਬਬਲੀ ਐਸ. ਸਿੰਘ

ਗੁਰਸਿੱਖ ਜਾਂ ਗੁਰਮੁਖ ਬਣਨਾ ਸੌਖਾ ਨਹੀਂ, ਬੜਾ ਹੀ ਔਖਾ ਹੈ! ਗੁਰਸਿਖ ਕੌਣ ਹੈ? ਉਹ ਜੋ ਅਕਾਲ ਪੁਰਖ ਦੀ ਪੂਜਾ ਕਰਦਾ ਹੈ, ਉਸ ਤੋਂ ਡਰਦਾ ਹੈ, ਉਸ ਦੇ ਬੱਚਿਆਂ ਦਾ ਭਲਾ ਮੰਗਦਾ ਹੈ, ਭਲਾ ਕਰਦਾ ਹੈ। ਜੋ ਖਾਲਸ ਹੈ, ਨਿੰਦਾ ਤੋਂ ਦੂਰ, ਝੂਠ ਫਰੇਬ, ਕਪਟ ਹੰਕਾਰ ਤੋਂ ਦੂਰ, ਈਰਖਾ ਤੋਂ ਦੂਰ ਰਹਿੰਦਾ ਹੈ। ਦਿਖਾਵਾ ਤੇ ਝੂਠੀ ਸ਼ਾਨ ਨਹੀਂ ਮੰਨਦਾ ਸਗੋਂ ਨਿਮਰਤਾ ਵਿਚ ਸੱਚੇ ਰਸਤੇ ਚੱਲਦਿਆਂ ਹੋਇਆਂ ਸਰਬੱਤ ਦਾ ਭਲਾ ਮੰਗਦਾ ਹੈ ਤੇ ਇਸ ਦੁਨੀਆਂ ਤੇ ਚਿੱਕੜ ਵਿਚ ਕਮਲ ਵਾਂਗ ਅਲੇਪ ਰਹਿੰਦਾ ਹੈ, ਉਹ ਹੀ ਸੱਚਾ ਗੁਰਸਿੱਖ ਹੈ। ਉਹ ਗੁਰੂ ਨੂੰ ਪਿਆਰਾ ਲੱਗਦਾ ਹੈ।

ਗੁਰਦੁਆਰੇ ਵਿਚ ਲੱਗੇ ਪੱਖਿਆਂ ਦੀ ਹਰ ਪੱਤੀ ਤੇ ਪੱਖਾ ਦੇਣ ਵਾਲੇ ਦਾ ਨਾਮ ਲਿਖਿਆ ਹੁੰਦਾ ਹੈ। ਸੰਗਮਰਮਰ ਦੀਆਂ ਸਲੈਬਾਂ ਤੇ 101 ਰੁਪਏ ਤੋਂ ਲੈ ਕੇ ਉਪਰ ਤਕ ਜਿੰਨੀ ਵੀ ਰਕਮ ਕਿਸੇ ਨੇ ਚੜ੍ਹਾਈ ਹੋਵੇ, ਉਸ ਦਾ ਨਾਮ ਉਕਰਿਆ ਹੁੰਦਾ ਹੈ। ਅਲਮਾ-ਰੀਆਂ ਤੇ ਦਾਨੀਆਂ ਦੇ ਨਾਮ ਉਕਰੇ ਹੁੰਦੇ ਹਨ।

ਜਦੋਂ ਵੀ ਗੁਰਦੁਆਰੇ ਵਿਚ ਮੰਦਰਾਂ ਵਿਚ ਇਹ ਸਭ ਕੁਝ ਵੇਖੀਦਾ ਹੈ ਤਾਂ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਉਹਨਾਂ ਅਗਿਆਨਤਾ ਦੇ ਮਾਰੇ ਦਾਨੀਆਂ ਤੇ ਤਰਸ ਆਂਦਾ ਹੈ ਕਿ ਕਿਸ ਹੰਕਾਰ ਨਾਲ ਭਰੇ ਹਨ ਇਹ ਲੋਕ! ਕਿਸ ਦੇ ਦਰ ਤੇ ਭੇਟਾ ਜਾਂ ਦਾਨ ਕਰਦੇ ਹਨ ਤੇ ਆਪਣੇ ਨਾਮ ਲਿਖਦੇ ਹਨ ਇਹ ਲੋਕ! ਜਿਸ ਦਰ ਤੋਂ ਅਸੀਂ ਸਾਰੀ ਜ਼ਿੰਦਗੀ, ਹਰ ਪਲ ਕੁਝ ਮੰਗਦੇ ਰਹਿੰਦੇ ਹਾਂ, ਜਿਸ ਦਰ ਦੀ ਦਿਤੀ ਅਸੀਂ ਜ਼ਿੰਦਗੀ ਭੋਗ ਰਹੇ ਹਾਂ, ਸੁਖ ਮਾਣ ਰਹੇ ਹਾਂ ਉਸ ਦਰ ਤੇ ਦੇਣ ਵਾਲੇ ਅਸੀਂ ਕੌਣ ਹੁੰਦੇ ਹਾਂ? ਕਿਹੜਾ ਹੰਕਾਰ ਹੈ ਜੋ ਸਾਨੂੰ ਉਥੇ ਆਪਣੇ ਨਾਮ ਲਿਖਣ ਲਈ ਉਕਸਾਂਦਾ ਹੈ ਤੇ ਅਸੀਂ ਦੁਨੀਆਂ ਨੂੰ ਦਿਖਾਣਾ ਚਾਹੁੰਦੇ ਹਾਂ ਕਿ ਅਸੀਂ ਇਤਨਾ ਕੁਝ ਦਿੱਤਾ। ਉਸ ਦੀ ਮਿਹਰ ਤੋਂ ਬਿਨ੍ਹਾਂ ਸਾਡੀ ਹੈਸੀਅਤ ਹੀ ਕੀ ਹੈ। ਉਸ ਦੀਆਂ ਦਿੱਤੀਆਂ ਅਨੰਤ ਦਾਤਾਂ ਵਿਚ ਇਕ ਚੀਜ਼ ਦੇ ਕੇ ਉਸ ਦੇ ਦਰ ਤੇ ਭੇਟਾ ਕਰਕੇ ਅਸੀਂ ਮਨਾਏ ਨਹੀਂ ਜਾਂਦੇ। ਸੇਵਾ ਤੇ ਸ਼ਰਧਾ ਨਾਲ ਜੋ ਦਾਤੇ ਦੇ ਕੁਝ ਮੱਥਾ ਟੇਕਦੇ ਵੀ ਹਾਂ ਕੁਝ ਭੇਟਾ ਕਰਦੇ ਵੀ ਹਾਂ ਤਾਂ ਇਤਨੀ ਖਾਮੋਸ਼ੀ ਨਾਲ, ਨਿਮਰਤਾ ਨਾਲ ਕਿ ਸੱਜੇ ਹੱਥ ਨਾਲ ਕੁਝ ਰੱਖਦਿਆਂ ਖੱਬੇ ਹੱਥ ਨੂੰ ਵੀ ਪਤਾ ਨਾ ਲੱਗੇ। ਤੇ ਨਾਲੇ ਦਾਤੇ ਦੇ ਦਰ ਤੇ ਤਾਂ ਸ਼ਰਧਾ ਹੀ ਕਾਫੀ ਹੈ।

ਅਰਦਾਸ ਵਿਚ ਪੈਸੇ ਚੜ੍ਹਾਣ ਵਾਲਿਆਂ ਦੀਆ ਲੰਬੀਆਂ ਲਿਸਟਾਂ ਉੱਚੀ ਉੱਚੀ ਪੜ੍ਹੀਆਂ ਜਾਂਦੀਆਂ ਹਨ ਤਾਂ ਜੋ ਵਾਹਿਗੁਰੂ ਤਕ ਅਵਾਜ਼ ਪਹੁੰਚ ਜਾਏ ਕਿ ਕਿਸੇ ਨੇ ਕੀ ਅਰਦਾਸ ਭੇਟਾ ਕੀਤੀ ਹੈ ਤੇ ਆਈ ਸੰਗਤ ਨੂੰ ਵੀ ਪਤਾ ਲੱਗ ਜਾਏ ਕਿ ਕਿਸੇ ਨੇ ਕਿਤਨਾ ਰੁਪਿਆ ਭੇਟਾ ਕੀਤਾ ਹੈ ਤੇ ਫਿਰ ਸੰਗਤ ਵਾਹ ਵਾਹ ਕਰਦੀ ਹੈ ਤੇ ਭੇਟਾ ਚੜ੍ਹਾਣ ਵਾਲੇ ਦਾ ਸਿਰ

ਤੇ ਨਾਮ ਹਮੇਸ਼ਾਂ ਲਈ ਉੱਚਾ ਹੋ ਜਾਂਦਾ ਹੈ। ਲੋਕਾਂ ਦੀਆਂ ਨਜ਼ਰਾਂ ਵਿਚ ਉੱਚੇ ਉੱਠ ਜਾਂਦੇ ਹਨ ਤੇ ਇਸ ਤਰ੍ਹਾਂ ਉਹਨਾਂ ਦੇ ਹੰਕਾਰ ਨੂੰ ਹੋਰ ਉੱਤੇ ਉੱਠਣ ਦਾ ਮੌਕਾ ਮਿਲਦਾ ਹੈ। ਕੀ ਜੋ ਭੇਟ ਕਰਨਾ ਹੋਏ ਉਸ ਦੀ ਚੁੱਪ ਕਰਕੇ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਮੱਥਾ ਟੇਕ ਕੇ ਸ਼ਰਧਾ ਨਾਲ ਅਰਦਾਸ ਨਹੀਂ ਕੀਤੀ ਜਾ ਸਕਦੀ !

ਗੁਰਦੁਆਰੇ ਵਿਚ ਕਥਾ ਹੋ ਰਹੀ ਹੋਏ ਤਾਂ ਸੁਣ ਕੇ ਇੰਝ ਸਿਰ ਹਿਲਾ ਹਿਲਾ ਕੇ ਦਿਖਾਂਦੇ ਹਨ ਜਿਵੇਂ ਬੜੇ ਹੀ ਅਨੰਦਿਤ ਹੋ ਗਏ ਹੋਣ ਤੇ ਸਾਰੀ ਕਥਾ ਉਹਨਾਂ ਨੂੰ ਸਮਝ ਆ ਗਈ ਹੋਏ ਤੇ ਕਥਾ ਦਾ ਸਾਰ ਉਹਨਾਂ ਦੇ ਹਿਰਦੇ ਵਿਚ ਵਸ ਗਿਆ ਹੋਏ। ਬਸ ਹੁਣ ਤੋਂ ਉਹ ਬਾਣੀ ਤੇ ਅਮਲ ਕਰਨਾ ਸ਼ੁਰੂ ਕਰ ਦੇਣਗੇ। ਪਰ ਸਚਾਈ ਇਹ ਹੈ ਕਿ ਇਹ ਸਭ (Secface) ਬਾਹਰੋਂ ਹੀ ਹੈ। ਉਹਨਾਂ ਦੇ ਅੰਦਰ ਤਾਂ ਇਕ ਅੱਖਰ ਨਹੀਂ ਗਿਆ। ਨਾ ਹੀ ਉਹਨਾਂ ਤੇ ਪਵਿਤ੍ਰ ਬਾਣੀ ਦਾ ਕੋਈ ਅਸਰ ਹੋਇਆ ਹੈ। ਗੁਰਦੁਆਰੇ ਦੀ ਹੱਦ ਤੋਂ ਬਾਹਰ ਨਿਕਦਿਆਂ ਹੀ ਸਭ ਪੜ੍ਹਿਆ ਸੁਣਿਆ ਵਿਸਰ ਜਾਂਦਾ ਹੈ ਕੁਝ ਨਹੀਂ ਯਾਦ ਰਹਿੰਦਾ ਤੇ ਹਰ ਕੋਈ ਸਾਰਾ ਦਿਨ ਆਪਣੇ ਸੁਖਾਂ ਖਾਤਿਰ, ਸਫਲਤਾ ਦੀ ਖਾਤਿਰ ਕਿਸੇ ਨੂੰ ਨੁਕਸਾਨ ਦੇ ਕੇ, ਪਰੇਸ਼ਾਨ ਕਰਕੇ ਕਦੀ ਸ਼ਰਮਿੰਦਾ ਮਹਿਸੂਸ ਨਹੀਂ ਕਰਦਾ। ਆਪਣੇ ਸਵਾਰਥਾਂ ਦੀ ਪੂਰਤੀ ਲਈ ਲੋਕ ਕੁਝ ਵੀ ਕਰ ਸਕਦੇ ਹਨ, ਸਭ ਜਾਇਜ ਹੈ, ਦੂਸਰੇ ਨੂੰ ਪ੍ਰੇਸ਼ਾਨ ਕਰਕੇ, ਕਿਸੇ ਦੀ ਆਤਮਾ ਦੁਖਾ ਕੇ ਕਮਾਇਆ ਗਿਆ ਸੁਖ, ਵਾਸਤਵ ਵਿਚ ਸੁਖ ਨਹੀਂ ਹੁੰਦਾ ਸਗੋਂ ਕਰਮ ਬਣਦਾ ਹੈ। ਇਹ ਵੀ ਮੇਰਾ ਹੋ ਜਾਏ, ਉਹ ਵੀ ਮੇਰਾ ਹੋ ਜਾਏ, ਇਸੇ ਧੁਨ ਵਿਚ ਭੁੱਲਿਆ ਮਨੁੱਖ, ਇਹ ਭੁੱਲ ਹੀ ਜਾਂਦਾ ਹੈ ਕਿ ਸਭ ਇਥੇ ਹੀ ਰਹਿ ਜਾਣਾ ਹੈ, ਨਾਲ ਕੁਝ ਨਹੀਂ ਜਾਣਾ। ਜਿੰਨਾ ਮਰਜੀ ਖਿਲੇਰਾ ਪਾ ਲਉ ਸਭ ਇਥੇ ਹੀ ਰਹਿ ਜਾਣਾ ਹੈ। ਲੱਖਾਂ ਕਰੋੜਾਂ ਦੀ ਜਾਇਦਾਦ ਮਹਿਲ ਖੜ੍ਹੇ ਕਰ ਲਉ ਪਰ ਅੰਤ ਵਿਚ ਪੰਜ ਭੂਤਕ ਸਰੀਰ ਨੂੰ ਸਿਰਫ ਤਿੰਨ ਗਜ਼ ਜਗ੍ਹਾ ਚਾਹੀਦੀ ਹੈ ਉਹ ਵੀ ਨਾਲ ਨਹੀਂ ਜਾਣੀ। ਉਸ ਤਿੰਨ ਗਜ਼ ਤੇ ਹਜ਼ਾਰਾਂ ਲੱਖਾਂ ਸਰੀਰਾਂ ਦੇ ਸੰਸਕਾਰ ਹੁੰਦੇ ਹਨ ਤੇ ਉਹ ਵੀ ਉਥੇ ਦੀ ਉਥੇ ਰਹਿ ਜਾਣੀ ਹੈ। ਕੱਖਾਂ ਵਾਲਿਆਂ ਨੇ ਵੀ ਉਥੇ ਹੀ ਸੜਨਾ ਹੈ ਤੇ ਲੱਖਾਂ ਵਾਲਿਆਂ ਨੇ ਵੀ ਉਥੇ ਹੀ ਸੜਨਾ ਹੈ। ਫਿਰ ਹੰਕਾਰ ਕਿਸ ਦਾ ਤੇ ਮਾਣ ਕਿਸਦਾ।

ਉਹ ਮਾਲਕ ਤਾਂ ਅਨੰਤ ਹੈ। ਉਸ ਦੀ ਲੀਲਾ ਕਿਸ ਨੇ ਜਾਣੀ ਹੈ। 'ਖਿਨ ਮਹਿ ਨੀਚ ਕੀਟ ਕਉ ਰਾਜ", ਪਰ ਉਥੇ ਹੀ, 'ਭੇਖਾਰੀ ਤੇ ਰਾਜ ਕਰਾਵੈ, ਰਾਜਾ ਤੇ ਭੇਖਾਰੀ' ਉਸ ਦੇ ਰੰਗ ਕਿਸ ਨੇ ਦੇਖੇ ਹਨ। ਫਿਰ ਹੰਕਾਰ ਕਿਸ ਦਾ। ਨਿਮਰ ਹੋ ਕੇ ਕਿਉਂ ਨਹੀਂ ਜੀ ਸਕਦੇ ਅਸੀਂ। ਅੰਦਰੋਂ ਬਾਹਰੋਂ ਸੱਚੇ ਸੁੱਚੇ ਹੋ ਕੇ ਕਿਉਂ ਨਹੀਂ ਜੀ ਸਕਦੇ ਅਸੀਂ ? ਗੁਰਸਿਖ ਕੌਣ ਹੈ ! ਦਾਤੇ ਦੀ ਅਸਲੀ ਭਗਤੀ ਕਿਵੇਂ ਹੋਏ ਉਹ ਸਿਰਜਨਹਾਰ ਤਾਂ ਸੱਚੀ ਸ਼ਰਧਾ ਤੇ ਪਿਆਰ ਦਾ ਚਾਹਵਾਨ ਹੈ। ਗੁਰਸਿਖ ਤਾਂ ਬਸ :—

"ਧੌਲ ਧਰਮੁ ਦਇਆ ਕਾ ਪੂਤ
ਸੰਤੋਖ ਥਾਪ ਰਖਿਆ ਜਿਨ ਸੂਤ ॥

ਤੇ ਫਿਰ :—

ਸਤੁ ਸੰਤੋਖ ਦਇਆ ਧਰਮੁ ਸੀਗਾਰ ਬਣਾਵਓ
ਸਫਲ ਸੁਹਾਗਨਿ ਨਾਨਕਾ ਅਪੁਨੇ ਪ੍ਰਭ ਭਾਵਓ

ਬਸ ਇਤਨਾ ਹੀ ਚਾਹੁੰਦਾ ਹੈ ਉਹ ਸਾਡੇ ਕੋਲੋਂ ਕਿ ਅਸੀਂ ਹਰ ਜੀਅ ਨੂੰ ਪਿਆਰ ਤੇ ਦਇਆ ਦੀ ਨਜ਼ਰ ਨਾਲ ਵੇਖੀਏ। ਜੇਕਰ ਪ੍ਰਭੂ ਨੂੰ ਪਿਆਰ ਕਰਨਾ ਹੈ ਤਾਂ ਉਸ ਦੇ ਬੱਚਿਆਂ ਨਾਲ ਪਿਆਰ ਕਰੀਏ, ਬਿਨ੍ਹਾਂ ਕਿਸੇ ਫਰਕ ਤੋਂ। ਬਹਿ ਕੇ ਮਾਲਾ ਜਪਿਆਂ, ਪਾਠ ਕੀਤਿਆਂ ਹੀ ਨਹੀਂ ਲੱਭਦਾ ਉਹ! ਉਸ ਨੂੰ ਤਾਂ ਸਵਾਸ ਸਵਾਸ ਸਿਮਤਉ, ਉਠਦਿਆ ਬਹਿੰਦਿਆਂ ਸਿਮਰੋ। ਉਸ ਦੀ ਯਾਦ ਬਣੀ ਰਹੇ। ਉਸ ਦਾ ਡਰ ਮਨ ਵਿਚ ਰਹੇ। ਇਹ ਹੱਥ ਹਰ ਵੇਲੇ ਭਲਾ ਕਰਨ ਵਿਚ ਲੱਗੇ ਰਹਿਣ ਤੇ ਮਨ ਉਸ ਨਾਲ ਜੁੜਿਆ ਰਹੇ। ਝੂਠ, ਪਖੰਡ, ਨਿੰਦਾ ਚੁਗਲੀ ਈਰਖਾ ਤੋਂ ਦੂਰ ਰਹਿ ਕੇ ਨਿਮਰਤਾ ਦੇ ਨਾਲ ਦੀਨ ਦੀ ਸੇਵਾ ਹੀ ਦਾਤੇ ਦੀ ਭਗਤੀ ਹੈ! 'ਸਭ ਮਹਿ ਜੋਤ ਜੋਤ ਹੈ ਸੋਇ' ਮੰਨ ਕੇ ਸਰਬਤ ਦਾ ਭਲਾ ਮੰਗਣ ਵਾਲਾ ਹੀ ਅਸਲੀ ਇਨਸਾਨ ਹੈ ਅਸਲੀ ਗੁਰਸਿਖ ਹੈ।

ਗੁਰਸਿਖੀ ਵਿਚ ਸਭ ਤੋਂ ਮਹਾਨ ਕਰਮ ਹੈ 'ਸੇਵਾ!' ਭਾਈ ਵੀਰ ਸਿੰਘ ਜੀ ਕਹਿੰਦੇ ਹਨ :—

ਸੇਵਾ ਜਾਣਹੁ ਆਦਿ ਸਿੱਖੀ ਜੀਣ ਦਾ ॥
ਸੇਵਾ ਜਾਣਹੁ ਮੱਧ ਸਿਖੀ ਧਰਮ ਦਾ ॥
ਸੇਵਾ ਜਾਣਹੁ ਅੰਤ ਸਿਖੀ ਕਰਮ ਦਾ ॥
ਤੇ ਗੁਰੂ ਸਾਹਿਬ ਨੇ ਕਿਹਾ ਹੈ :—
'ਸੁਖ ਹੋਵੈ ਸੇਵ ਕਮਾਣੀਆ ॥'

ਸੇਵਾ ਗੁਰੂ ਘਰ ਦੀ ਹੋਏ ਜਾਂ ਕਿਸੇ ਦੀਨ ਦੀ ਕੀਤੀ ਜਾਵੇ ਦੋਨੋਂ ਹੀ ਮਹਾਨ ਹਨ। ਦੀਨ ਦੁਖੀ ਦੀ ਸੇਵਾ ਦਾਤੇ ਦੇ ਦਰ ਤੇ ਪਹੁੰਚਦੀ ਹੈ। ਪਰ ਸੇਵਾ ਨਿਮਰ ਭਾਵ ਨਾਲ ਕੀਤੀ ਜਾਣੀ ਚਾਹੀਦੀ ਹੈ। ਕੋਈ ਹੰਕਾਰ ਨਾ ਹੋਏ, ਨਾਮ ਖੱਟਣ ਦਾ ਲਾਲਚ ਨਾ ਹੋਏ ਸਗੋਂ ਨਿਸ਼ਕਾਮ ਸੇਵਾ ਕੀਤੀ ਜਾਏ। ਕਿਉਂਕਿ :—

ਹਉਮੈ ਕਰੀ ਤਾਂ ਤੂੰ ਨਾਹੀ,
ਤੂ ਹੋਵਹਿ ਹਉ ਨਾਹਿ ॥

ਸੋ ਨਿਸ਼ਕਾਮ ਤੇ ਨਿਮਰ ਸੇਵਾ ਹੀ ਗੁਰਸਿਖ ਦਾ ਧਰਮ ਹੈ।

ਇਸ ਤੋਂ ਬਾਅਦ ਹੈ ਦਸਵੰਧ ਕੱਢਣਾ। ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਦਸਵੰਧ ਜਰੂਰ ਕੱਢਿਆ ਜਾਏ ਪਰ ਉਹ ਵੀ ਕਿਸੇ ਲੋੜਵੰਦ ਜਾਂ ਗੁਰੂ ਘਰ ਦੀ ਸੇਵਾ ਲਈ ਵਰਤਿਆ ਜਾਏ ਜਾਂ ਕਿਸੇ ਭਲੇ ਕਾਰਜ ਲਈ। ਬਿਨਾਂ ਕਿਸੇ ਦਿਖਾਵੇ ਮਾਣ ਜਾਂ ਹੰਕਾਰ ਤੋਂ ਦਸਵੰਧ ਭੇਟ ਕੀਤਾ ਜਾਏ। ਗੁਰੂ ਘਰ, ਸੰਗਤ ਵਿਚ ਜਾਣ ਦਾ ਅਸਲ ਮਕਸਦ ਹੈ ਕਿ ਨਿਮਰਤਾ ਪ੍ਰੇਮ ਤੇ ਪਿਆਰ ਸਿਖਿਆ ਜਾਏ ਮਿਲ ਕੇ ਨਾਮ ਜਪਿਆ ਜਾਏ। ਪਰ ਜੇਕਰ ਉਥੇ ਜਾ ਕੇ ਵੀ ਦਿਖਾਵਿਆਂ ਵਿਚ ਪੈਕੇ ਭੇਟਾ ਦਿਤੀ ਜਾਏ ਤਾਂ ਉਹ ਤਾਂ ਹੰਕਾਰ ਨੂੰ ਵਧਣ ਫਲਣ ਦਾ ਮੌਕਾ ਮਿਲਦਾ ਜਾਂਦਾ ਹੈ। ਨਿਮਰਤਾ ਕਿੱਥੋਂ ਆਏਗੀ।

ਗੁਰਸਿਖ ਉਹ ਹੈ ਜੋ :—ਆਪ ਜਪੈ ਅਵਰਹਿ ਨਾਮ ਜਪਾਵਹਿ ॥

ਜਿਸ ਦਾ ਹਿਰਦਾ ਸ਼ੁਧ ਹੈ ਪਵਿਤਰ ਹੈ, ਨਾਮ ਸਿਮਰਨ ਵਿਚ ਜੁੜਿਆ ਹੈ ਉਸ ਦੀ ਸੰਗਤ ਵਿਚ ਪ੍ਰਭੂ ਆਪ ਹੀ ਚਿਤ ਆਂਵਦਾ ਹੈ। ਪਵਿਤਰਤਾ ਪ੍ਰਵੇਸ਼ ਕਰਦੀ ਹੈ। ਗੁਰਸਿਖ ਦਾਤੇ ਦੀ ਰਜਾ ਵਿਚ ਰਹਿੰਦਿਆਂ ਕਹਿੰਦਾ ਹੈ :—

ਜੋ ਤੁਧਿ ਭਾਵੈ ਸਾਈ ਭਲੀਕਾਰ
ਤੂ ਸਦਾ ਸਲਾਮਤਿ ਨਿਰੰਕਾਰ।

ਤੇ ਦਾਤੇ ਦੀ ਰਜ਼ਾ ਨੂੰ ਮੰਨਦਿਆਂ ਕਹਿੰਦਾ ਹੈ ਕਿ ਜਿਸ ਰੰਗ ਮੇਂ ਰਾਖੈ ਪ੍ਰਮੇਸਰ ਉਸੀ ਰੰਗ ਮੇਂ ਰਹਿਣਾ।

ਗੁਰਸਿਖ ਦਾ ਸਭ ਤੋਂ ਮਹਾਨ ਉਦੇਸ਼ ਹੈ ਸਰਬੱਤ ਦਾ ਭਲਾ। ਭਾਈ ਘੱਨਈਏ ਵਾਂਗ ਬਿਨਾ ਕਿਸੇ ਫਰਕ ਨੂੰ ਮੰਨਦਿਆਂ ਸਭ ਵਿਚ ਉਸੇ ਦੀ ਜੋਤ ਦੇਖਦਿਆਂ ਸਰਬਤ ਦਾ ਭਲਾ ਮੰਗਣਾ ਸੋ ਗੁਰਸਿਖ ਮਹਾਨ ਸ਼ਖਸ਼ੀਅਤ ਹੈ ਤੇ ਫਿਰ ਦਾਤਾ ਉਸੇ ਲਈ ਕਹਿੰਦੇ ਹਨ :

ਗੁਰਸਿਖੀ ਦਾ ਰੂਪ ਦੇਖ
ਇਕਸੁ ਬਾਝ ਨਾ ਹੋਰਸਿ ਦੇਖੈ ॥

—0—


ੴ

# ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 1991

## *ਵਿਸਮਾਦ ਨਾਦ*

ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਕਲਾਂ,
ਮਾਡਲ ਟਾਉਨ, ਲੁਧਿਆਣਾ ਦੀ ਪ੍ਰਥਮ ਭੇਂਟ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 31 ਮੁੱਖ ਰਾਗਾਂ ਦੇ ਸੰਗੀਤ ਬੱਧ 64 ਸ਼ਬਦਾਂ ਦੀਆਂ ਉੱਤਮ ਕੁਆਲਟੀ ਵਿੱਚ 16 ਆਡੀਓ ਕੈਸਿਟਾਂ ਦਾ ਸੈੱਟ

ਭੇਟਾ :—ਪੂਰਾ ਸੈਟ (16 ਕੈਸਿਟਾਂ)-550 ਰੁਪੈ, ਡਾਕ ਖਰਚ (ਭਾਰਤ)-25 ਰੁਪੈ

ਇਨ੍ਹਾਂ ਕੈਸਟਾਂ ਦੀ ਪੇਸ਼ਗੀ ਬੁਕਿੰਗ ਹੇਠ ਲਿਖੇ ਪਤੇ ਤੇ ਵੀ ਕੀਤੀ ਜਾ ਸਕਦੀ ਹੈ :

*ਵਿਸਮਾਦ ਨਾਦ, 1/52, ਜੰਗਪੁਰਾ ਐਕਸਟੈਂਸਨ, ਨਵੀਂ ਦਿੱਲੀ, ਫੋਨ 697802

* ਵਿਸਮਾਦ ਨਾਦ, ਭਾਈ ਨਿਰਮਲ ਸਿੰਘ ਜੀ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ,

* ਡਾ. ਜਾਗੀਰ ਸਿੰਘ, 422, ਸੈਕਟਰ 15-ਏ, ਚੰਡੀਗੜ੍ਹ ਫੋਨ : 24660

# ਸੁਰ ਲਿਪੀ ਤੇ ਸ਼ਬਦ-ਅਰਥ

— ਹਰਭਜਨ ਸਿੰਘ

## ਰਾਗ ਗੋਂਡ ਮਹਲਾ ੫ ॥

ਅਰੋਹ ਸ ਰ ਗ ਮ, ਪ ਧ ਨ ਧ ਨ ਸਂ ॥ ਅਵਰੋਹ -ਸਂ ਨ ਧ ਨ ਪ, ਮ ਗ. ਰ ਸ ॥

ਜਾਤੀ ਸੰਪੂਰਣ ॥ ਥਾਟ-ਬਿਲਾਵਲ ਅੰਗ ਸਾਰੇ ਸ਼ੁਧ ਸਵਰ ॥

ਸਮਾਂ—ਦਿਨ ਦਾ ਦੂਜਾ ਪਹਿਰ ॥ ਵਾਦੀ—ਸ ਸੰਵਾਦੀ—ਮ

ਮੁਖ ਅੰਗ -ਰ ਗ ਮ, ਪ ਮ, ਮ ਪ ਨ ਧ ਨ ਸਂ, ਨ ਧ ਨ ਪ, ਧ ਮ ॥

ਸੁਰ ਵਿਸਥਾਰ —ਨ ਸ ਰ ਨ ਸ, ਗ ਰ ਸ ਰ ਨ ਸ, ਗ ਰ ਮ ਮ ਗ, ਮ ਗ ਮ ਗ ਰੇ, ਸ ॥
ਰ ਗ ਮ ਗ ਪ, ਨ ਧ ਨ ਸਂ, ਰਂ ਸਂ ਨ ਸਂ, ਪ ਪ ਰਂ, ਰਂ ਨਸਂ, ਧ ਨ ਪ,
ਧ ਪ ਮ ਗ ਮ, ਪ ਨ ਸਂ, ਰਂ ਨ ਸਂ, ਨ ਧ ਪ ਗ ਮ, ਪ ਮ ਗ ਰ ਸ ॥

| × | | 0 | | 2 | | 3 | | 0 | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| ਨ | ਨ | ਧ | — | ਨ | ਨ | ਪ | — | — | ਪ |
| ਮ | ਤ | ਕੋ | S | ਭ | ਰ | ਮਿ | S | S | ਭੂ |
| ਨ | — | ਧ | — | ਨ | — | ਸਂ | — | — | — |
| ਲੈ | S | ਸੰ | S | ਸਾ | S | ਰਿ | S | S | S |
| ਨ | ਨ | ਪ | ਪ | ਧ | — | ਧ | — | ਮ | — |
| ਗੁ | ਰ | ਬਿ | ਨੁ | ਕੋ | S | ਇ | S | ਨ | S |
| ਪ | ਪ | ਪ | ਪ | ਗ | — | ਮ | — | — | — |
| ਉ | ਤ | ਰ | ਸਿ | ਪਾ | S | ਰਿ | S | S | S |
| ਗ | ਗ | ਮ | ਮ | ਗ | — | ਰ | — | ਸ | — |
| ਗੁ | ਰ | ਬਿ | ਨੁ | ਕੋ | S | ਇ | S | ਨ | S |
| ਗ | ਗ | ਪ | ਪ | ਨ | — | ਸ | — | — | — |
| ਉ | ਤ | ਰ | ਸ | ਪਾ | ਰਿ | S | S | S | S |

ਅੰਤਰਾ :

| | | | | | | | | | |
|---|---|---|---|---|---|---|---|---|---|
| ਪ | ਪ | ਨ | — | ਨ | ਸਂ | ਸਂ | ਸਂ | — | — |
| ਗੁ | ਰ | ਕੀ | s | ਮੂ | s | ਰ | ਤਿ | s | s |
| ਪ | ਰਂ | ਰਂ | ਰਂ | ਸਂ | ਨ | ਸਂ | — | — | — |
| ਮ | ਨ | ਮ | ਹਿ | ਧਿ | ਆ | ਨੁ | s | s | s |
| ਨ | ਨ | ਰਂ | ਰਂ | ਗਂ | ਗਂ | ਮਂ | ਮਂ | ਮਂ | ਮਂ |
| ਗੁ | ਰ | ਕੇ | s | ਸ | ਬ | ਦਿ | s | s | ਮਂ |
| ਗਂ | ਰਂ | ਰਂ | ਗਂ | ਰਂ | — | ਸਂ | — | — | — |
| s | ਤ੍ਰ | ਮ | ਨੁ | ਮਾ | s | ਨ | s | s | s |

| | | | | | | | | | |
|---|---|---|---|---|---|---|---|---|---|
| x | | 0 | | 2 | | 3 | | 0 | |
| ਪ | ਪ | ਨ | — | ਨ | ਸਂ | ਸਂ | — | — | ਸਂ |
| ਗੁ | ਰ | ਕੇ | s | ਚ | ਰ | ਨ | s | s | ਰਿ |
| ਪ | ਰਂ | ਰਂ | ਰਂ | ਸਂ | ਨਂ | ਸਂ | — | — | ਸਂ |
| ਦੈ | s | ਲੈ | s | ਧਾ | s | ਰਉ | s | s | ਗੁਰੁ |
| ਨ | ਨ | ਰਂ | ਰਂ | ਗਂ | ਗਂ | ਮਂ | — | — | ਮਂ |
| ਪਾ | s | ਰ | ਬ੍ਰਹ | ਮ | s | s | s | s | ਸ |
| ਗਂ | ਰਂ | ਰਂ | ਗਂ | ਰਂ | — | ਸਂ | — | — | — |
| ਦਾ | s | ਨ | ਮਸ | ਕਾ | s | ਰਉ | s | s | s |

ਤਾਲ : ਸੂਲ ਫਾਕ :

| | | | | | | | | | | |
|---|---|---|---|---|---|---|---|---|---|---|
| ਮਾਤ੍ਰਾ | 1 | 2 | 3 | 4 | 5 | 6 | 7 | 8 | 9 | 10 |
| ਠੇਕਾ | ਧਾ | ਧਾ | ਦੀਂ | ਨਾ | ਕਿਟ | ਧਾ | ਤਿਟ | ਕਤਾ | ਗਿਦੀ | ਗਨ |
| ਤਾਲੀ | × | | 0 | | 2 | | 3 | | 0 | |

ਨੋਟ :— ਇਹ ਰੀਤ ਡਾਕਟਰ ਜਾਗੀਰ ਸਿੰਘ ਜੀ ਨੇ ਅਕਤੂਬਰ 1991 ਜਵੱਦੀ ਕਲਾਂ ਕੀਰਤਨ ਦਰਬਾਰ ਵਿਚ ਗਾਈ ਸੀ। ਸਵਰ ਲਿਪੀ ਸ. ਹਰਭਜਨ ਸਿੰਘ ਰਾਹੀਂ ਤਿਆਰ ਕੀਤੀ ਗਈ।

# ਸ਼ਬਦ-ਅਰਥ

## ਰਾਗ ਗੋਂਡ ਮਹਲਾ ੫ ॥

ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥
ਗੁਰ ਕੇ ਚਰਨ ਰਿਦੈ ਲੈ ਧਾਰਉ ॥ ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥੧॥
ਮਤ ਕੋ ਭਰਮਿ ਭੁਲੈ ਸੰਸਾਰਿ ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੧॥ਰਹਾਉ॥
ਭੂਲੇ ਕਉ ਗੁਰਿ ਮਾਰਗਿ ਪਾਇਆ ॥ ਅਵਰ ਤਿਆਗਿ ਹਰਿ ਭਗਤੀ ਲਾਇਆ ॥
ਜਨਮ ਮਰਨ ਕੀ ਤ੍ਰਾਸ ਮਿਟਾਈ ॥ ਗੁਰ ਪੂਰੇ ਕੀ ਬੇਅੰਤ ਵਡਾਈ ॥੨॥
ਗੁਰਪ੍ਰਸਾਦਿ ਊਰਧ ਕਮਲ ਬਿਗਾਸ ॥ ਅੰਧਕਾਰ ਮਹਿ ਭਇਆ ਪ੍ਰਗਾਸ ॥
ਜਿਨਿ ਕੀਆ ਸੋ ਗੁਰ ਤੇ ਜਾਨਿਆ ॥ ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ ॥੩॥
ਗੁਰੁ ਕਰਤਾ ਗੁਰੁ ਕਰਣੈ ਜੋਗੁ ॥ ਗੁਰੁ ਪਰਮੇਸਰੁ ਹੈ ਭੀ ਹੋਗੁ ॥
ਕਹੁ ਨਾਨਕ ਪ੍ਰਭਿ ਇਹੈ ਜਨਾਈ ॥ ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥੪॥੫॥੭॥

ਅਰਥ : ਹੇ ਭਾਈ ! ਦੁਨੀਆਂ ਵਿਚ ਕਿਤੇ ਕੋਈ ਮਨੁੱਖ ਭਟਕਣਾ ਵਿੱਚ ਪੈ ਕੇ (ਇਹ ਗੱਲ) ਨਾਂਹ ਭੁੱਲ ਜਾਏ, ਕਿ ਗੁਰੂ ਤੋਂ ਬਿਨਾਂ ਕੋਈ ਭੀ ਜੀਵ (ਸੰਸਾਰ-ਸਮੁੰਦਰ ਤੋਂ) ਪਾਰ ਨਹੀਂ ਲੰਘ ਸਕੇਗਾ ।੧। ਰਹਾਉ ।

(ਠਾਹੀਏਂ, ਹੇ ਭਾਈ !) ਮੈਂ ਤਾਂ ਗੁਰੂ (ਨੂੰ) ਪਰਮਾਤਮਾ (ਦਾ ਰੂਪ ਜਾਣ ਕੇ ਉਸ) ਨੂੰ ਸਦਾ ਠਮਸਕਾਰ ਕਰਦਾ ਹਾਂ, ਗੁਰੂ ਦੇ ਚਰਨ ਆਪਣੇ ਹਿਰਦੇ ਵਿਚ ਲੈ ਕੇ ਵਸਾਈ ਰੱਖਦਾ ਹਾਂ। ਗੁਰੂ ਦੇ ਸ਼ਬਦ ਰਾਹੀਂ ਮੇਰਾ ਮਨ ਨਾਮ-ਮੰਤ੍ਰ ਨੂੰ (ਸਭ ਮੰਤ੍ਰਾਂ ਤੋਂ ਸ੍ਰੇਸਟ ਮੰਤ੍ਰ) ਮੰਨ ਰਿਹਾ ਹੈ। (ਹੇ ਭਾਈ ! ਗੁਰੂ ਦਾ ਸ਼ਬਦ ਹੀ ਗੁਰੂ ਦੀ ਮੂਰਤੀ ਹੈ) ਗੁਰੂ ਦੀ (ਇਸ) ਮੂਰਤੀ ਦਾ (ਮੇਰੇ) ਮਨ ਵਿਚ ਧਿਆਨ ਟਿਕਿਆ ਰਹਿੰਦਾ ਹੈ ।੧।

ਹੇ ਭਾਈ ! ਪੂਰੇ ਗੁਰੂ ਦੀ ਵਡਿਆਈ ਦਾ ਅੰਤ ਨਹੀਂ ਪੈ ਸਕਦਾ। ਕੁਰਾਹੇ ਜਾ ਰਹੇ ਮਨੁੱਖ ਨੂੰ ਗੁਰੂ ਨੇ (ਹੀ ਸਹੀ ਜੀਵਨ ਦੇ) ਰਸਤੇ ਉਤੇ ਸਦਾ ਪਾਇਆ ਹੈ, ਹੋਰ (ਦੇਵੀ ਦੇਵਤਿਆਂ ਦੀ ਭਗਤੀ ਛਡਾ ਕੇ ਪ੍ਰਮਾਤਮਾ ਦੀ ਭਗਤੀ ਵਿਚ ਜੋੜਿਆ ਹੈ ਤੇ, ਇਸ ਤਰ੍ਹਾਂ ਉਸ ਦੇ ਅੰਦਰੋਂ) ਜਨਮ ਮਰਨ ਦੇ ਗੇੜ ਦਾ ਸਹਿਮ ਮੁਕਾ ਦਿੱਤਾ ਹੈ ।੨

ਹੇ ਭਾਈ ! (ਮਾਇਆ ਵਲ) ਉਲਟਿਆ ਹੋਇਆ ਹਿਰਦਾ ਕੌਂਲ ਗੁਰੂ ਦੀ ਕਿਰਪਾ ਨਾਲ (ਪਰਤ ਕੇ) ਖਿੜ ਪੈਂਦਾ ਹੈ। (ਮਾਇਆ ਦੇ ਮੋਹ ਦੇ) ਘੁੱਪ ਹਨੇਰੇ ਵਿਚ (ਸਹੀ ਉੱਚੇ ਆਤਮਿਕ ਜੀਵਨ ਦਾ) ਚਾਨਣ ਹੋ ਜਾਂਦਾ ਹੈ। ਗੁਰੂ ਦੀ ਰਾਹੀਂ ਉਸ ਪ੍ਰਮਾਤਮਾ ਨਾਲ ਜਾਣ-ਪਛਾਣ ਬਣ ਜਾਂਦੀ ਹੈ ਜਿਸ ਨੇ (ਇਹ ਸਾਰਾ ਜਗਤ) ਪੈਦਾ ਕੀਤਾ ਹੈ। (ਇਹ) ਮੂਰਖ ਮਨ ਗੁਰੂ ਦੀ ਕਿਰਪਾ ਨਾਲ (ਪ੍ਰਭੂ-ਚਰਨਾਂ ਵਿਚ ਜੁੜਨਾ) ਗਿੱਝ ਜਾਂਦਾ ਹੈ ।੩।

ਹੇ ਨਾਨਕ ! ਆਖ ਗੁਰੂ (ਆਤਮਕ ਅਵਸਥਾ ਵਿਚ ਕਰਤਾਰ ਨਾਲ ਇਕ-ਸੁਰ ਹੋਣ ਕਰਕੇ ਉਸ) ਕਰਤਾਰ ਦਾ ਰੂਪ ਹੈ ਜੋ ਸਭ ਕੁਝ ਕਰਨ ਦੇ ਸਮਰੱਥ ਹੈ। ਗੁਰੂ ਉਸ ਪਰਮੇਸ਼ਰ ਦਾ ਰੂਪ ਹੈ, ਜੋ (ਪਹਿਲਾਂ ਭੀ ਮੌਜੂਦ ਸੀ) ਹੁਣ ਭੀ ਮੌਜੂਦ ਹੈ ਅਤੇ ਸਦਾ ਕਾਇਮ ਰਹੇਗਾ। ਭਾਈ ! ਗੁਰੂ (ਦੀ ਸ਼ਰਨ ਪੈਣ) ਤੋਂ ਬਿਨਾ ਮਾਇਆ ਦੇ ਮੋਹ ਦੇ ਅੰਧਕਾਰ ਤੋਂ ਖਲਾਸੀ ਨਹੀਂ ਹੋ ਸਕਦੀ ।੪। ।੫। ।੭।

# ਰਾਗ ਮੁਲਤਾਨੀ

—ਕਰਨਬੀਰ ਕੌਰ

ਪਰਮੇਲ ਪਰਵੇਸ਼ਕ ਰਾਗਾਂ ਦੀ ਲੜੀ ਵਿੱਚ ਮੁਲਤਾਨੀ ਰਾਗ ਦਾ ਮੁੱਖ ਸਥਾਨ ਹੈ। ਪ੍ਰਮੇਲ ਪ੍ਰਵੇਸ਼ਕ ਰਾਗ ਉਹ ਹੁੰਦੇ ਹਨ ਜੋ ਇੱਕ ਥਾਟ ਤੋਂ ਦੂਜੇ ਥਾਟ ਵਿੱਚ ਪ੍ਰਵੇਸ਼ ਕਰਾਉਂਦੇ ਹਨ ਅਰਥਾਤ ਇਹ ਰਾਗ ਅਜਿਹੇ ਸਮੇਂ ਵਿੱਚ ਗਾਏ ਜਾਂਦੇ ਹਨ ਜਦੋਂ ਉਨ੍ਹਾਂ ਦੇ ਥਾਟ ਦਾ ਸਮਾਂ ਖਤਮ ਹੋਣ ਵਾਲਾ ਹੁੰਦਾ ਹੈ ਅਤੇ ਦੂਜੇ ਥਾਟ ਦਾ ਸਮਾਂ ਸ਼ੁਰੂ ਹੋਣ ਵਾਲਾ ਹੁੰਦਾ ਹੈ। ਇਸੀ ਪ੍ਰਕਾਰ ਰਾਗ ਮੁਲਤਾਨੀ ਥਾਟ ਤੋੜੀ ਦੇ ਰਾਗਾਂ ਤੋਂ ਪੂਰਵੀ, ਮਾਰਵਾ ਅਤੇ ਭੈਰਵ ਥਾਟ ਦੇ ਰਾਗਾਂ ਵਿੱਚ ਪ੍ਰਵੇਸ਼ ਕਰਾਉਂਦਾ ਹੈ।

ਰਾਗ ਮੁਲਤਾਨੀ ਦੀ ਉਤਪਤੀ ਥਾਟ ਤੋੜੀ ਤੋਂ ਮੰਨੀ ਜਾਂਦੀ ਹੈ। ਇਸ ਵਿੱਚ ਰੇ, ਗ, ਧ ਸਵਰ ਕੋਮਲ ਅਤੇ ਮੇ ਤੀਵਰ ਲਗਦਾ ਹੈ। ਵਾਦੀ ਸਵਰ ਪੰਚਮ ਅਤੇ ਸੰਵਾਦੀ ਸਵਰ ਸ਼ੜਜ ਹੈ। ਆਰੋਹ ਵਿੱਚ ਰਿਸ਼ਭ ਅਤੇ ਧੈਵਤ ਵਰਜਿਤ ਹੋਣ ਕਰਕੇ ਅਤੇ ਅਵਰੋਹ ਵਿੱਚ ਸੱਤ ਸਵਰ ਲਗਣ ਕਰਕੇ ਇਸ ਰਾਗ ਦੀ ਜਾਤੀ ਔੜਵ ਸੰਪੂਰਨ ਹੈ। ਇਹ ਰਾਗ ਸੰਧੀ ਪ੍ਰਕਾਸ਼ ਹੋਣ ਕਰਕੇ ਇਸ ਦਾ ਗਾਇਨ ਅਤੇ ਵਾਦਨ ਸਮਾਂ ਦਿਨ ਦਾ ਚੌਥਾ ਪਹਿਰ ਹੈ। ਰਾਗ ਮੁਲਤਾਨੀ ਵਿੱਚ ਹਮੇਸ਼ਾਂ ਅਲਾਪ-ਤਾਨ ਮੰਦਰ ਨਿਸ਼ਾਦ ਤੋਂ ਸ਼ੁਰੂ ਕੀਤੇ ਜਾਂਦੇ ਹਨ ਜਿਵੇਂ ਨ਼ੀ ਸ ਮੇਗ ਰੇ ਸ। ਮਧਮ ਤੋਂ ਗੰਧਾਰ ਤੇ ਮੀਂਡ ਨਾਲ ਆਉਣਾ ਰਾਗ ਮੁਲਤਾਨੀ ਦੀ ਨਿੱਜੀ ਵਿਸ਼ੇਸ਼ਤਾ ਹੈ। ਇਸ ਰਾਗ ਦਾ ਚਲਨ ਤਿੰਨੋਂ ਸਪਤਕਾਂ ਵਿੱਚ ਬਰਾਬਰ ਹੁੰਦਾ ਹੈ। ਇਸ ਰਾਗ ਦੀ ਪ੍ਰਕ੍ਰਿਤੀ ਸ਼ਾਂਤ ਹੈ। ਰਾਗ ਮੁਲਤਾਨੀ ਦੇ ਨਿਆਸ ਸਵਰ ਸ, ਗ, ਪ, ਨੀ ਅਤੇ ਸਮਪ੍ਰਕ੍ਰਿਤਕ ਰਾਗ ਤੋੜੀ ਹੈ। ਜੇ ਇਸ ਰਾਗ ਵਿੱਚ ਰੇ, ਗ, ਧ ਸਵਰਾਂ ਦਾ ਪ੍ਰਯੋਗ ਗਲਤ ਢੰਗ ਨਾਲ ਹੋ ਜਾਣ ਤੇ ਰਾਗ ਤੋੜੀ ਦੀ ਛਾਇਆ ਆ ਸਕਦੀ ਹੈ। ★

# ਰਾਗ ਮੁਲਤਾਨੀ ਸ਼ਬਦ ਸੁਰ ਲਿਪੀ

ਆਰੋਹ : ਨ਼ੀ ਸ ਮੇ ਗੁ, ਮੇ ਪ ਨੀ ਸਂ

ਅਵਰੋਹ : ਸਂ ਨੀ ਧੁ ਪ, ਮੇ ਗੁ ਮੇ ਗੁ, ਰੁ ਸ — ਇਕ ਤਾਲ

ਪਕੜ :— ਨ਼ੀ ਸ ਮੇ ਗੁ, ਮੇ ਪ, ਮੇ ਗੁ, ਮੇ ਗੁ ਰੁ ਸ। — ਮਧ ਲੈਅ

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 |
| ਸਥਾਈ : | | | | | | | | | | | |
| ਪ | — | ਮੇ | ਗੁ | ਮੇ | ਪ | ਮੇ | ਗੁ | ਰੁ | ਸ | ਸ | — |
| ਮਾ | s | ਨ | ਸ | ਕੀ | s | ਜਾ | s | ਤ | ਸ | ਬੈ | s |
| ਨ਼ੀ | — | ਸ | ਗੁ | — | ਮੇ | ਪ | — | ਪ | ਗੁ | ਮੇ | ਧੁ |
| ਏ | s | s | ਕੈ | s | ਪਹ | ਚਾ | s | ਨ | ਬੰ | s | s |
| ਅੰਤਰਾ : | | | | | | | | | | | |
| ਪ | — | ਪ | ਗੁ | — | ਮੇ | ਪ | ਨੀ | ਨੀ | ਸਂ | — | ਸਂ |
| ਕੋ | s | ਊ | ਭ | s | ਇ | ਓ | ਮੁੰ | ਡੀ | ਆ | s | ਸੰ |
| ਨੀ | — | ਨੀ | ਸਂ | — | ਗੁਂ | ਰੇਂ | ਸਂ | ਸਂ | ਨੀ | ਧੁ | ਪ |
| ਨਿਆ | s | ਸੀ | ਕੋ | s | ਊ | ਜੋ | s | ਗੀ | ਭਇ | s | ਓ |
| ਮੇ | ਪ | ਪ | ਗੁ | — | ਮੇ | ਪ | ਨੀ | ਨੀ | ਸਂ | — | ਸਂ |
| ਕੋ | s | ਈ | ਬ੍ਰ | s | ਮ | ਚਾ | ਰੀ | s | ਕੋ | s | ਊ |
| ਨੀ | ਸਂ | ਨੀ | ਧੁ | ਪ | ਮੇ | ਪ | — | ਨੀ | ਧੁ | ਪ | — |
| ਜ | ਤੀ | s | ਅ | s | ਨ | ਮਾ | s | ਨ | ਬੰ | s | s |

(ਬਾਕੀ ਅੰਤਰੇ ਇਸੇ ਪ੍ਰਕਾਰ ਹਨ)

## ਇੱਕ ਤਾਲ

**ਇਕ ਤਾਲ :**—ਇਕ ਤਾਲ ਦੀਆਂ ਕੁੱਲ ਬਾਰਾਂ ਮਾਤਰਾ ਹੁੰਦੀਆਂ ਹਨ। ਇਸ ਦੇ ਦੋ ਦੋ ਮਾਤਰਾ ਦੇ ਛੇ ਵਿਭਾਗ ਹੁੰਦੇ ਹਨ। ਪਹਿਲੀ ਮਾਤਰਾ ਤੇ ਸਮ ਪੰਜਵੀਂ ਮਾਤਰਾ ਤੇ ਦੂਸਰੀ ਤਾਲੀ, ਨੌਵੀਂ ਮਾਤਰਾ ਤੇ ਤੀਸਰੀ ਤਾਲੀ ਅਤੇ ਗਿਆਰ੍ਹਵੀਂ ਮਾਤਰਾ ਤੇ ਚੌਥੀ ਤਾਲੀ ਹੁੰਦੀ ਹੈ। ਤੀਸਰੀ ਅਤੇ ਸਤਵੀਂ ਮਾਤਰਾ ਤੇ ਖਾਲੀ ਹੁੰਦੀ ਹੈ। ਇਹ ਤਾਲ ਵਿਲੰਬਤ ਖਿਆਲ ਅਤੇ ਦਰੁਤ ਦੋਹਾਂ ਨਾਲ ਵਜਾਈ ਜਾਂਦੀ ਹੈ।

ਮੱਧ ਲੈਅ — ਇੱਕ ਤਾਲ — ਇੱਕ ਗੁਣ

| ਮਾਤਰਾ | 1 2 | 3 4 | 5 6 | 7 8 | 9 10 | 11 12 |
|---|---|---|---|---|---|---|
| ਤਾਲ ਦੇ ਬੋਲ | ਧਿੰ ਧਿੰ | ਧਾਗੇ ਤ੍ਰਿਕਟ | ਤੂ ਨਾ | ਕੱਤ ਤਾ | ਧਾਗੇ ਤ੍ਰਿਕਟ | ਧਿੰ ਨਾ |
| ਤਾਲੀ ਚਿੰਨ | x | 0 | 2 | 0 | 3 | 4 |

# ਰਾਗ ਮੁਲਤਾਨੀ ਸ਼ਬਦ ਅਰਥ ਤੇ ਵਿਆਖਿਆ

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,
ਕੋਈ ਬ੍ਰਹਮਚਾਰੀ ਕੋਊ ਜਤੀਅਨੁ ਮਾਨਬੋ ।
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ,
ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ ।
ਕਰਤਾ ਕਰੀਮ ਸੋਈ, ਰਾਜਕ ਰਹੀਮ ਓਈ,
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ ।
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ ॥ ੧੫ ॥ ੮੫ ॥

(ਅਕਾਲ ਉਸਤਤਿ)

ਵਿਆਖਿਆ : – ਕੋਈ ਬੈਰਾਗੀ ਹੋਇਆ ਹੈ, ਕੋਈ ਸੰਨਿਆਸੀ ਤੇ ਕੋਈ ਜੋਗੀ ਹੋਇਆ ਹੈ ਅਤੇ ਕੋਈ ਬ੍ਰਹਮਚਾਰੀ ਤੇ ਕੋਈ ਜਤੀ ਵੇਖਿਆ ਜਾਂਦਾ ਹੈ ।

ਕੋਈ ਹਿੰਦੂ ਹੈ, ਕੋਈ ਮੁਸਲਮਾਨ, (ਫਿਰ ਕੋਈ) ਸ਼ੀਆ (ਹੈ, ਕੋਈ) ਸੁੰਨੀ (ਹੈ, ਪਰ) ਸਾਰੇ ਮਨੁੱਖਾਂ ਦੀ ਪੈਦਾਇਸ਼ ਤਾਂ ਇਕੋ ਜੇਹੀ ਪਛਾਣੀ ਦੀ ਹੈ ।

(ਸਭ ਦੇ) ਕਰਨ ਵਾਲਾ ਦਿਆਲੂ ਉਹੀ (ਹੈ, ਸਭ ਨੂੰ) ਰਿਜ਼ਕ ਦੇਣ ਵਾਲਾ ਦਿਆਲੂ ਉਹੀ (ਹੈ, ਹੋਰ) ਕੋਈ ਦੂਜਾ ਨਹੀਂ ਹੈ, (ਤਾਂ ਇਸ ਤੁਰਕ ਰੂਤ) ਭੇਦ ਨੂੰ ਭਰਮ ਦੀ ਭੁਲ ਮੰਨੋ (ਭਾਵ-ਭਰਮ ਦੇ ਭੁਲਾਵੇ ਵਿਚ ਪੈ ਕੇ ਵੱਖੋ ਵੱਖਰੇ ਫਿਰਕੇ ਕਾਇਮ ਕਰ ਲਏ ਹਨ) ਇੱਕ ਦੀ ਸੇਵਾ (ਕਰੋ ਕਿਉਂਕਿ) ਸਭਨਾ ਦਾ ਵੱਡਾ ਤੇ ਪ੍ਰਕਾਸ਼ਕ ਇਕੋ ਹੈ, (ਸਾਰੇ ਉਸ) ਇਕੋ ਦਾ ਹੀ ਸਰੂਪ (ਹਨ ਕਿਉਂਕਿ ਸਭਨਾਂ ਵਿੱਚ ਇਕੋ ਦੀ ਜੋਤ ਚੇਤਨ ਸ਼ਕਤੀ) ਜਾਣੀਦੀ ਹੈ ।।੧੫।।੮੫।।

# ਕੀਰਤਨੀ ਜਥਾ ਬੀਬੀ ਬਲਜੀਤ ਕੌਰ ਤਲਵਾੜਾ

ਮਨਜੀਤ ਸਿੰਘ ਬਿੰਦ

ਸਿੱਖ ਧਰਮ ਦੁਨੀਆਂ ਦਾ ਇਕੋ ਇਕ ਅਜਿਹਾ ਧਰਮ ਹੈ ਜਿਸ ਵਿਚ ਇਸਤਰੀ ਨੂੰ ਬਹੁਤ ਵੱਡਾ ਦਰਜਾ ਮਿਲਿਆ ਹੈ, ਪਰ ਇਸ ਦੇ ਕੀਰਤਨੀ ਇਤਿਹਾਸ ਵਿਚ ਅਜੇ ਅਜਿਹੀ ਕੋਈ ਮਿਸਾਲ ਨਹੀਂ ਕਿ ਮਰਦਾਂ ਦੇ ਕੀਰਤਨੀ ਜਥਿਆਂ ਵਾਂਗ ਹੀ ਔਰਤਾਂ ਦਾ ਕੋਈ ਕੀਰਤਨੀ ਜਥਾ ਵੀ ਪੂਰੀ ਕੌਮ ਦੇ ਦਿਲਾਂ 'ਤੇ ਰਾਜ ਕਰ ਗਿਆ ਹੋਵੇ। ਹਾਂ! ਜੇ ਮਿਸਾਲ ਹੈ ਤਾਂ ਸਿਵਾਏ ਬੀਬੀ ਬਲਜੀਤ ਕੌਰ ਤਲਵਾੜਾ ਦੇ ਹੋਰ ਕੋਈ ਨਹੀਂ। ਭਾਵੇਂ ਕਿ ਨਰਿੰਦਰ ਬੀਬਾ ਨੇ ਵੀ ਕੁਝ ਸ਼ਬਦ ਗਾਏ ਹਨ, ਪਰ ਉਸ ਨੂੰ ਧਾਰਮਿਕ ਗੀਤਾਂ ਦੀ ਗਾਇਕਾ (ਜਾਂ ਲੋਕ ਗੀਤਾਂ) ਕਰਕੇ ਹੀ ਜਾਣਦੇ ਹਾਂ, ਪਰ ਜੋ ਪ੍ਰਸਿੱਧੀ ਬਲਜੀਤ ਕੌਰ ਖਾਲਸਾ ਨੇ ਨਿਰੋਲ ਕੀਰਤਨ ਵਿਚ ਖੱਟੀ ਹੈ, ਉਹ ਆਪਣੀ ਮਿਸਾਲ ਆਪ ਹੈ।

ਬਲਜੀਤ ਕੌਰ ਦਾ ਜਨਮ 5 ਮਾਰਚ 1967 ਨੂੰ ਤਲਵਾੜਾ ਕਸਬੇ ਦੇ (ਜ਼ਿਲ੍ਹਾ ਹੁਸ਼ਿਆਰਪੁਰ) ਰਹਿਣ ਵਾਲੇ ਸਰਦਾਰ ਰੌਸ਼ਨ ਸਿੰਘ ਕੌਂਡਲ ਹੋਰਾਂ ਦੇ ਘਰੇ ਮਾਤਾ ਬਲਵੰਤ ਕੌਰ ਦੀ ਕੁੱਖੋਂ ਹੋਇਆ।

ਬਲਜੀਤ ਕੌਰ ਦੱਸਦੀ ਹੈ ਕਿ 'ਉਨ੍ਹਾਂ ਦੇ ਘਰ ਦੇ ਲਾਗੇ ਹੀ ਗੁਰਦੁਆਰਾ ਸੀ, ਉਦੋਂ ਮੇਰੀ ਉਮਰ 6-7 ਸਾਲ ਦੀ ਹੋਵੇਗੀ ਜਦੋਂ ਅਸੀਂ ਗੁਰਦੁਆਰੇ ਸਵੇਰੇ ਸ਼ਾਮ ਜਾਣ ਦਾ ਨਿਯਮ ਬਣਾ ਲਿਆ। ਰੋਜ਼ਨਾ ਗੁਰਦੁਆਰੇ ਜਾਣਾ ਤੇ ਕੀਰਤਨ ਸਰਵਣ ਕਰਨਾ। ਇਸੇ ਤਰ੍ਹਾਂ ਹੌਲੀ ਹੌਲੀ ਮੈਂ ਵੀ ਕੀਰਤਨ ਕਰਨ ਲੱਗ ਪਈ।'

ਬਲਜੀਤ ਕੌਰ ਦੇ ਪਿਤਾ ਨੇ ਦੱਸਿਆ ਕਿ 'ਇਨ੍ਹਾਂ ਬੱਚੀਆਂ ਦੀ ਤੋਤਲੀ ਜਿਹੀ ਆਵਾਜ਼ ਵਿਚ ਕੀਰਤਨ ਸੁਣ ਕੇ ਸਾਡੇ ਗੁਆਂਢੀ ਸਾਨੂੰ ਆ ਆ ਦੱਸਦੇ ਹੁੰਦੇ ਸਨ ਕਿ ਤੁਹਾਡੀਆਂ ਬੱਚੀਆਂ ਤਾਂ ਬਹੁਤ ਵਧੀਆ ਕੀਰਤਨ ਕਰਦੀਆਂ ਹਨ।'

ਇਸੇ ਤਰ੍ਹਾਂ ਬਲਜੀਤ ਕੌਰ ਨੂੰ ਸਕੂਲ (ਪ੍ਰਾਇਮਰੀ) ਵਿਚ ਪੜ੍ਹਦਿਆਂ ਵੀ ਰੱਬੀ-ਸੁਬੱਬੀ ਅਜਿਹੀ ਅਧਿਆਪਕਾ ਦੀ ਸੰਗਤ ਮਿਲੀ ਜਿਸ ਕੋਲੋਂ ਕਿ ਬਲਜੀਤ ਕੌਰ ਨੇ ਬਹੁਤ ਕੁਝ ਗ੍ਰਹਿਣ ਕੀਤਾ। ਉਹ ਅਧਿਆਪਕਾ ਸੀ ਦਲਜੀਤ ਕੌਰ। ਦਲਜੀਤ ਕੌਰ ਵੀ ਸਿਰ ਉਤੇ ਕੇਸਰੀ ਸਜਾਉਂਦੀ ਸੀ। ਦਲਜੀਤ ਕੌਰ ਨੇ ਬੀਬੀ ਬਲਜੀਤ ਕੌਰ ਕੋਲੋਂ ਰੋਜ਼ਾਨਾ ਕੋਈ ਨਾ ਕੋਈ ਕਵਿਤਾ ਜਾਂ ਸ਼ਬਦ ਸੁਣਨਾ।

ਕਾਲਜ ਵਿਚ ਪੜ੍ਹਦਿਆਂ ਵੀ ਬਲਜੀਤ ਕੌਰ ਨੇ ਬਹੁਤ ਸਾਰੇ ਸ਼ਬਦ ਗਾਇਨ ਮੁਕਾਬਲਿਆਂ 'ਚ ਭਾਗ ਲਿਆ ਤੇ ਕਦੇ ਵੀ ਪਹਿਲਾ ਇਨਾਮ ਕਿਸੇ ਦੂਸਰੇ ਹਥ ਨਾ ਜਾਣ ਦਿੱਤਾ। ਬਲਜੀਤ ਨੇ ਤਲਵਾੜੇ ਕਾਲਜ ਤੋਂ ਹੀ ਪੰਜਾਬੀ ਦੀ ਐਮ. ਏ. ਕੀਤੀ ਹੋਈ ਹੈ

ਜਦੋਂ ਕਿ ਉਸ ਨਾਲ ਜਥੇ ਵਿਚ ਉਸ ਦੀਆਂ ਸਕੀਆਂ ਭੈਣਾਂ ਜੋ ਕਿ ਉਸ ਦਾ ਸਾਥ ਦਿੰਦੀਆਂ ਹਨ, ਬੀਬੀ ਜਸਪਾਲ ਕੌਰ ਅਤੇ ਬੀਬੀ ਰਣਧੀਰ ਕੌਰ ਹਨ। ਇਨ੍ਹਾਂ 'ਚੋਂ ਇਕ ਨੇ ਤਾਂ ਬੀ. ਏ. ਕੀਤੀ ਹੈ ਅਤੇ ਦੂਜੀ ਨੇ ਅਧੂਰੀ ਬੀ. ਐਸ ਸੀ.।

ਦਰਅਸਲ ਇਨ੍ਹਾਂ ਤਿੰਨਾਂ ਭੈਣਾਂ ਨੇ ਕੀਰਤਨੀ ਜਥਾ ਤਾਂ ਬੀ. ਏ. ਕਰਦਿਆਂ ਹੀ ਬਣਾ ਲਿਆ ਸੀ ਪਰ ਉਦੋਂ ਉਹ ਤਲਵਾੜੇ ਵਿਚ ਹੀ ਕੀਰਤਨ ਕਰਦੀਆਂ ਸਨ। ਇਕ ਤਰ੍ਹਾਂ ਨਾਲ ਉਹ ਦੁਨੀਆਂ ਦੀਆਂ ਨਜ਼ਰਾਂ ਤੋਂ ਓਹਲੇ ਸਨ, ਪਰ ਇਕ ਵਾਰ ਤਲਵਾੜੇ ਭਾਈ ਹਰਜਿੰਦਰ ਸਿੰਘ (ਸ੍ਰੀਨਗਰ) ਕੀਰਤਨ ਕਰਨ ਆਏ, ਤਾਂ ਉਥੇ ਹੀ ਬਲਜੀਤ ਕੌਰ ਹੋਰਾਂ ਦਾ ਕੀਰਤਨ ਸੁਣ ਕੇ ਹਰਜਿੰਦਰ ਸਿੰਘ ਹੋਰੀਂ ਏਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਉਸੇ ਸਮੇਂ ਬੀਬੀ ਦੇ ਪਿਤਾ ਜੀ ਨੂੰ ਕਿਹਾ ਕਿ ਲੁਧਿਆਣੇ ਗੁਰਪੁਰਬ ਦੇ ਮੌਕੇ 'ਤੇ ਕੀਰਤਨ ਦਰਬਾਰ ਹੋ ਰਿਹਾ ਹੈ ਤੇ ਅਸੀਂ ਇਨ੍ਹਾਂ ਦਾ ਜਥਾ ਲੁਧਿਆਣੇ ਲਿਜਾਣਾ ਚਾਹੁੰਦੇ ਹਾਂ ਲੁਧਿਆਣੇ ਕਲਗੀਧਰ ਗੁਰਦੁਆਰੇ ਵਿਚ ਜਦੋਂ ਬੀਬੀ ਬਲਜੀਤ ਕੌਰ ਦੇ ਜਥੇ ਨੇ ਕੀਰਤਨ ਕੀਤਾ ਤਾਂ ਮੂਹਰੇ ਬੈਠੀ ਸਾਰੀ ਸੰਗਤ ਝੂਮ ਉਠੀ। ਉਸ ਸਮੇਂ ਉਥੇ ਜਲੰਧਰ ਦੂਰਦਰਸ਼ਨ ਦਾ ਕੋਈ ਡਾਇਰੈਕਟਰ ਵੀ ਬੈਠਾ ਕੀਰਤਨ ਸੁਣ ਰਿਹਾ ਸੀ। ਉਸ ਨੇ ਬੀਬੀ ਦੇ ਜਥੇ ਨੂੰ ਦੂਰਦਰਸ਼ਨ ਸੱਦ ਕੇ, ਉਨ੍ਹਾਂ ਦੇ ਕੋਲੋਂ ਸ਼ਬਦ ਰਿਕਾਰਡ ਕਰਵਾਏ ਅਤੇ ਇਸ ਤੋਂ ਬਾਅਦ ਅੱਜ ਤਕ ਸਮੇਂ ਸਮੇਂ ਅਨੁਸਾਰ ਉਨ੍ਹਾਂ ਦੇ ਗਾਇਨ ਸ਼ਬਦ ਦੂਰਦਰਸ਼ਨ ਅਤੇ ਰੇਡੀਓ ਸਟੇਸ਼ਨ ਤੋਂ ਪ੍ਰਸਾਰਿਤ ਹੁੰਦੇ ਰਹੇ ਹਨ ਅਤੇ ਹੋ ਰਹੇ ਹਨ।

ਇਸ ਪਿਛੋਂ ਬੀਬੀ ਦੇ ਜਥੇ ਦੇ ਗਾਇਨ ਕੀਤੇ ਸ਼ਬਦਾਂ ਨੂੰ ਕੈਸਟ ਕੰਪਨੀਆਂ ਟੈਕਸਲਾ, ਟੀ ਐਮ ਸੀ, ਪੈਰੀਟੋਨ ਅਤੇ ਐਮ ਵੀ ਆਈ ਆਦਿ ਨੇ ਰਿਕਾਰਡ ਕਰਕੇ ਕੀਰਤਨੀ ਪ੍ਰੇਮੀਆਂ ਤਕ ਪਹੁੰਚਾਇਆ। ਹੁਣ ਤਕ ਕੋਈ ਦਸ ਕੁ ਕੈਸਟਾਂ ਆਪ ਦੀਆਂ ਰਿਕਾਰਡ ਹੋ ਕੇ ਸੰਗਤਾਂ ਤਕ ਪਹੁੰਚ ਚੁੱਕੀਆਂ ਹਨ। ਬਲਜੀਤ ਨੇ ਦੱਸਿਆ ਕਿ ਸਾਡੀ ਰਿਕਾਰਡਿੰਗ (ਕੈਸੇਟ) ਵਿਚ ਬਹੁਤੀ ਦਿਲਚਸਪੀ ਨਹੀਂ ਹੈ।

ਬੀਬੀ ਬਲਜੀਤ ਕੌਰ ਨੇ ਦੱਸਿਆ, 'ਮੈਂ ਕੀਰਤਨ ਦੀ ਸਿੱਖਿਆ ਕਿਸੇ ਕੋਲੋਂ ਵੀ ਪ੍ਰਾਪਤ ਨਹੀਂ ਕੀਤੀ, ਇਹ ਸਭ ਪ੍ਰਮਾਤਮਾ ਦਾ ਦਿੱਤਾ ਤੋਹਫਾ ਹੈ। ਜੋ ਵੀ ਸਿੱਖਿਆ ਆਪਣੇ ਆਪ ਕੋਲੋਂ ਹੀ ਸਿੱਖਿਆ। ਜਾਂ ਮੇਰਾ ਭਰਾ ਤਰਲੋਚਨ ਸਿੰਘ ਜੋ ਕਿ ਅਸਿਸਟੈਂਟ ਐਕਸੀਅਨ ਹੈ ਉਹ ਵੀ ਕੀਰਤਨ ਗੁਰਬਾਣੀ ਬਾਰੇ ਕੁਝ ਜਾਣਕਾਰੀ ਰੱਖਦਾ ਹੈ ਤੇ ਉਸ ਕੋਲੋਂ ਵੀ ਥੋੜ੍ਹੀ ਬਹੁਤ ਸੇਧ ਲਈ ਹੈ।'

ਬੀਬੀ ਬਲਜੀਤ ਕੌਰ ਜਥੇ ਸਮੇਤ ਸੰਨ 288 'ਚ ਇੰਗਲੈਂਡ ਵੀ ਜਾ ਆਈ ਹੈ। ਇੰਗਲੈਂਡ ਦੀ ਸੰਗਤ ਨੇ ਆਪਦੇ ਜਥੇ ਨੂੰ ਏਨਾ ਸਤਿਕਾਰ ਦਿੱਤਾ ਜੋ ਕਿ ਨਾ ਭੁੱਲਣਯੋਗ ਹੈ। ਸਾਊਥਾਲ ਦੇ ਗੁਰਦੁਆਰਾ ਸਾਹਿਬ ਵਿਖੇ ਉਥੋਂ ਦੇ ਮੁਖੀ ਨੇ ਪੂਰੀ ਸੰਗਤ 'ਚ ਕਿਹਾ ਕਿ ਪਿਛਲੇ ਤੀਹ-ਪੈਂਤੀ ਸਾਲਾਂ ਵਿਚ ਅਸੀਂ ਕੋਈ ਵੀ ਜਥਾ ਅਜਿਹਾ ਨਹੀਂ ਵੇਖਿਆ, ਜੋ ਕਿ ਐਨੇ ਟਿਕਾਅ, ਵਿਸਮਾਦ ਵਿਚ ਕੀਰਤਨ ਕਰ ਕੇ ਸੰਗਤਾਂ ਦੀਆਂ ਬਿਰਤੀਆਂ ਜੋੜ ਦਿੰਦਾ ਹੋਵੇ, ਜਿੰਨਾ ਕਿ ਬੀਬੀ ਬਲਜੀਤ ਕੌਰ ਖਾਲਸਾ ਦਾ ਜਥਾ। ਉਥੇ ਆਪ ਦੇ ਜਥੇ ਨੂੰ

ਬਾਇਦਾ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ। ਬੀਬੀ ਜੀ ਨੇ ਅਮਰੀਕਾ, ਕਨੈਡਾ, ਇੰਗਲੈਂਡ, ਥਾਈਲੈਂਡ ਅਤੇ ਡੁਬਈ ਦੀਆਂ ਸਿੱਖ ਸੰਗਤਾਂ ਵਲੋਂ ਭੇਜੀਆ ਰਾਹਦਾਰੀਆਂ ਵਿਖਾਈਆਂ। ਉਨ੍ਹਾਂ ਕਿਹਾ ਕਿ ਸੰਗਤਾਂ ਦੀ ਸੇਵਾ ਲਈ ਮਨ ਤਾਂ ਜ਼ਰੂਰ ਬਹੁਤ ਕਰਦਾ ਹੈ, ਪਰ ਅਜੇ ਏਧਰ ਹੀ ਇੰਨੀ ਵਿਹਲ ਨਹੀਂ ਕਿ ਅਸੀਂ ਬਾਹਰ ਜਾ ਸਕੀਏ।'

ਜਵੱਦੀ ਵਿਖੇ ਸੰਤ ਸੁੱਚਾ ਸਿੰਘ ਹੋਰੀਂ ਹਰ ਸਾਲ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਕਰਵਾਉਂਦੇ ਹਨ। ਉਥੇ ਹਿੰਦੁਸਤਾਨ ਦੇ ਪ੍ਰਸਿੱਧ ਰਾਗੀ ਜਥੇ ਆ ਕੇ ਪੱਕੇ ਰਾਗਾਂ 'ਚ ਗੁਰਬਾਣੀ ਗਾਇਨ ਕਰਦੇ ਹਨ। ਇਥੇ ਪੱਕੇ ਰਾਗਾਂ ਦਾ ਇਕ ਤਰ੍ਹਾਂ ਨਾਲ ਮੁਕਾਬਲਾ ਹੁੰਦਾ ਹੈ। ਬੀਬੀ ਬਲਜੀਤ ਕੌਰ ਨੇ ਇਸ ਸੰਮੇਲਨ ਵਿਚ ਪਹਿਲੀ ਵਾਰ ਪੱਕੇ ਰਾਗ ਸਾਰੰਗ ਅਤੇ ਕਲਿਆਣ ਗਾਇਨ ਕਰਕੇ ਰਾਗੀਆਂ ਅਤੇ ਸੰਗਤਾਂ ਪਾਸੋਂ ਚੰਗੀ ਵਾਹ ਵਾਹ ਖੱਟੀ। ਬਲਜੀਤ ਨੇ ਦੱਸਿਆ ਕਿ 'ਮੈਨੂੰ ਪੱਕੇ ਰਾਗਾਂ ਬਾਰੇ ਅਜੇ ਕੋਈ ਬਹੁਤੀ ਜਾਣਕਾਰੀ ਨਹੀਂ ਹੈ, ਪਰ ਫਿਰ ਵੀ ਇਸ ਸੰਮੇਲਨ 'ਚ ਰਾਗ ਸਾਰੰਗ ਅਤੇ ਰਾਗ ਕਲਿਆਣ ਦਾ ਥੋੜ੍ਹਾ ਬਹੁਤ ਖੁਦ ਹੀ ਅਭਿਆਸ ਕਰਕੇ ਗਈ ਸਾਂ। ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਉਸ ਸੰਮੇਲਨ ਵਿਚ ਮੇਰੇ ਗਾਏ ਰਾਗਾਂ ਨੂੰ ਕਾਫੀ ਸਲਾਹਿਆ ਗਿਆ ਹੈ। ਭਾਵੇਂ ਕਿ ਪੱਕੇ ਰਾਗ ਸਿੱਖਣ ਲਈ ਬਹੁਤ ਲੰਬਾ ਸਮਾਂ ਲਗਦਾ ਹੈ, ਪਰ ਮੇਰੀ ਰੀਝ ਹੈ ਕਿ ਪੱਕੇ ਰਾਗ ਜ਼ਰੂਰ ਸਿੱਖਣੇ ਹਨ।

ਬਲਜੀਤ ਕੌਰ ਤਲਵਾੜਾ ਨੂੰ ਮਨੁੱਖੀ ਅਧਿਕਾਰ ਕਮੇਟੀ ਨੇ 1990 'ਚ ਭਾਈ ਲਾਲੋ ਪੁਰਸਕਾਰ ਦੇ ਕੇ ਨਿਵਾਜਿਆ ਜਦੋਂ ਕਿ ਇਸ ਤੋਂ ਅਗਲੇ ਸਾਲ ਜਲੰਧਰ ਡਿਫੈਂਸ ਕਾਲੋਨੀ 'ਚ ਸਿੰਘ ਸਭਾਵਾਂ ਵੱਲੋਂ ਮਿਲ ਕੇ ਦਿੱਤਾ ਜਾਂਦਾ ਇਨਾਮ ਬੀਬੀ ਭਾਨੀ ਐਵਾਰਡ' ਦੇ ਕੇ ਸਨਮਾਨਿਆ ਗਿਆ ਹੈ।

ਆਪ ਨੇ ਸੰਗਤਾਂ ਵਿਚ ਆਪਣੇ ਪ੍ਰਤੀ ਵਧ ਰਹੇ ਪਿਆਰ ਨੂੰ ਸਨਮੁੱਖ ਰੱਖਦਿਆਂ ਪੂਰੇ ਪਰਿਵਾਰ ਸਮੇਤ ਤਲਵਾੜੇ ਤੋਂ ਜਲੰਧਰ ਦੇ ਗੁਰੂ ਤੇਗ ਬਹਾਦਰ ਨਗਰ ਵਿਖੇ ਮਕਾਨ ਨੰ: 524 ਵਿਚ ਆਪਣੀ ਰਿਹਾਇਸ਼ ਲੈ ਆਂਦੀ। ਤਲਵਾੜਾ ਸਾਈਡ ਤੇ ਪੈ ਜਾਂਦਾ ਸੀ ਜਦੋਂ ਕਿ ਜਲੰਧਰ ਪੰਜਾਬ ਦਾ ਮੁੱਖ ਸ਼ਹਿਰ ਹੈ।

ਅੰਤ 'ਚ ਬੀਬੀ ਬਲਜੀਤ ਕੌਰ ਖਾਲਸਾ ਨੇ ਕਿਹਾ ਕਿ 'ਮੇਰੀ ਇੱਛਾ ਇਹੀ ਹੈ ਕਿ ਮੈਂ ਸੰਗਤ ਦੀ ਵੱਧ ਤੋਂ ਵੱਧ ਸੇਵਾ ਕਰਦੀ ਰਹਾਂ।'

★